ਅਧਿਆਇ-1 ਫ਼ਸਲ ਉਤਪਾਦਨ ਅਤੇ ਪ੍ਰਬੰਧਨ

ਪ੍ਰਸ਼ਨ 1- ਢੁਕਵੇਂ ਸ਼ਬਦਾਂ ਦੁਆਰਾ ਖਾਲੀ ਥਾਵਾਂ ਭਰੋ-

(ੳ) ਇੱਕੋ ਕਿਸਮ ਦੇ ਪੌਦਿਆਂ ਨੂੰ ਇੱਕੋ ਥਾਂ ਤੇ ਵੱਡੇ ਪੱਧਰ ਤੇ ਉਗਾਉਣ ਨੂੰ **ਫ਼ਸਲ** ਕਹਿੰਦੇ ਹਨ।

(ਅ) ਫ਼ਸਲ ਉਗਾਉਣ ਤੋਂ ਪਹਿਲਾਂ ਸਭ ਤੋਂ ਪਹਿਲਾ ਕਦਮ ਮਿੱਟੀ ਦੀ **ਤਿਆਰੀ** ਹੈ।

(ੲ) ਖਰਾਬ ਬੀਜ ਪਾਣੀ ਦੇ ਉੱਪਰ **ਤੈਰਨਾ** ਸ਼ੁਰੂ ਕਰ ਦਿੰਦੇ ਹਨ।

(ਸ) ਫ਼ਸਲ ਉਗਾਉਣ ਲਈ ਉਚਿਤ ਸੂਰਜੀ ਪ੍ਰਕਾਸ਼ ਅਤੇ ਮਿੱਟੀ ਵਿੱਚ ਉਚਿਤ **ਪਾਣੀ** ਅਤੇ **ਪੋਸ਼ਕ ਤੱਤ** ਹੋਣੇ ਚਾਹੀਦੇ ਹਨ।

ਪ੍ਰਸ਼ਨ 2- ਕੱਲਮ 'ੳ' ਅਤੇ ਕਾਲਮ 'ਅ' ਦੀਆਂ ਵਸਤੂਆਂ ਦਾ ਮਿਲਾਣ ਕਰੋ।

(1)	ਖਰੀਫ ਫ਼ਸਲਾਂ	(ੳ)	ਪਸੂਆ ਦਾ ਭੋਜਨ
(2)	ਰੱਬੀ ਫ਼ਸਲਾਂ	(ਅ)	ਯੂਰੀਆ ਅਤੇ ਸੁਪਰ ਫ਼ਾਸਫੇਟ
(3)	ਰਸਾਇਣਿਕ ਖਾਦਾਂ	(ੲ)	ਪਸ਼ੂਆਂ ਦਾ ਗੋਬਰ,ਮੂਤਰ,ਪੌਦਿਆਂ ਦੇ ਫਾਲਤੂ ਪਦਾਰਥ
(4)	ਦੇਸੀ ਖਾਦਾਂ	(ਸ)	ਕਣਕ,ਛੋਲੇ,ਮਟਰ
		(ਹ)	ਧਾਨ (ਚਾਵਲ), ਮੱਕੀ

ਪ੍ਰਸ਼ਨ 3- ਹਰ ਇੱਕ ਦੀਆਂ ਦੋ-ਦੋ ਉਦਾਹਰਨਾਂ ਦਿਓ।

(ੳ) ਖਰੀਫ਼ (ਸਾਉਣੀ) ਦੀਆਂ ਫ਼ਸਲਾਂ

ਉੱਤਰ- ਧਾਨ (ਚਾਵਲ), ਮੱਕੀ।

(ਅ) ਰੱਬੀ (ਹਾੜੀ) ਦੀਆਂ ਫ਼ਸਲਾਂ

ਉੱਤਰ- ਕਣਕ,ਛੋਲੇ,ਮਟਰ।

ਪ੍ਰਸ਼ਨ 4- ਹੇਠ ਲਿਖਿਆਂ ਤੇ ਨੋਟ ਲਿਖੋ।

(ੳ) ਭੂਮੀ ਦੀ ਤਿਆਰੀ

ਉੱਤਰ- ਖੇਤ ਜਾਂ ਭੂਮੀ ਨੂੰ ਤਿਆਰ ਕਰਨ ਲਈ ਪਹਿਲਾਂ ਹਲ਼ ਦੀ ਮਦਦ ਨਾਲ ਮਿੱਟੀ ਨੂੰ ਪੁੱਟ ਕੇ ਪੋਲਾ ਕੀਤਾ ਜਾਂਦਾ ਹੈ।ਅਜਿਹਾ ਕਰਨ ਨਾਲ ਹੇਠਲੀ ਪੋਸ਼ਕ ਤੱਤਾਂ ਨਾਲ ਭਰਪੂਰ ਮਿੱਟੀ ਉੱਪਰ ਆ ਜਾਂਦੀ ਹੈ। ਜੇਕਰ ਮਿੱਟੀ ਬਹੁਤ ਖੁਸ਼ਕ ਹੋਵੇ ਤਾਂ ਹਲ਼ ਵਾਹੁਣ ਤੋਂ ਪਹਿਲਾਂ ਸਿੰਚਾਈ ਦੀ ਵੀ ਜਰੂਰਤ ਹੁੰਦੀ ਹੈ।ਇਸ ਤੋਂ ਬਾਅਦ ਸੁਹਾਗੇ ਦੀ ਮਦਦ ਨਾਲ ਖੇਤ ਨੂੰ ਪੱਧਰਾ ਕੀਤਾ ਜਾਂਦਾ ਹੈ।

(ਅ) ਬਿਜਾਈ

ਉੱਤਰ- ਵਧੀਆ ਕਿਸਮ ਦੇ ਬੀਜਾਂ ਦੀ ਚੋਣ ਕਰਕੇ ਬੀਜ ਡਰਿੱਲ ਜਾਂ ਹੱਥਾਂ ਨਾਲ ਬੀਜਾਂ ਨੂੰ ਸਹੀ ਡੂੰਘਾਈ ਅਤੇ ਸਹੀ ਦੂਰੀ ਤੇ ਮਿੱਟੀ ਵਿੱਚ ਬੀਜਣ ਨੂੰ ਬਿਜਾਈ ਕਹਿੰਦੇ ਹਨ।

GSSS MACHHIKE (MOGA)

(ੲ) ਗੋਡੀ

ਉੱਤਰ- ਬੇਲੋੜੇ ਪੌਦੇ (ਨਦੀਨਾਂ) ਨੂੰ ਫ਼ਸਲ ਵਿੱਚੋਂ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਗੋਡੀ ਕਹਿੰਦੇ ਹਨ। ਗੋਡੀ ਹੱਥਾਂ ਨਾਲ, ਖੁਰਪੇ ਜਾਂ ਸੀਡ ਡਰਿੱਲ ਆਦਿ ਨਾਲ ਕੀਤੀ ਜਾਂਦੀ ਹੈ।

(ਸ) ਗਹਾਈ

ਉੱਤਰ- ਪੱਕੀ ਹੋਈ ਫ਼ਸਲ ਦੀਆਂ ਡੰਡੀਆਂ ਨਾਲੋਂ ਦਾਣਿਆਂ ਨੂੰ ਵੱਖ ਕਰਨ ਦੀ ਪ੍ਰਕਿਰਿਆ ਨੂੰ ਗਹਾਈ ਕਹਿੰਦੇ ਹਨ। ਇਸ ਲਈ ਥਰੈਸ਼ਰ ਜਾਂ ਕੰਬਾਈਨ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰਸ਼ਨ 5- ਰਸਾਇਣਿਕ ਖਾਦਾਂ ਅਤੇ ਰੂੜੀ ਖਾਦਾਂ ਵਿੱਚ ਅੰਤਰ ਸਪੱਸ਼ਟ ਕਰੋ।

ਉੱਤਰ-

ਲੜੀ ਨੰ.	ਰਸਾਇਣਕ ਖਾਦ	ਰੂੜੀ ਖਾਦ
1.	ਰਸਾਇਣਕ ਖਾਦਾਂ ਅਕਾਰਬਨਿਕ ਪਦਾਰਥ ਹਨ।	ਰੂੜੀ ਖਾਦ ਕੁਦਰਤੀ ਪਦਾਰਥ ਹੈ ਜੋ ਕਿ ਪੌਦਿਆਂ ਅਤੇ ਜੰਤੂਆਂ ਦੇ ਵਿਅਰਥ ਪਦਾਰਥਾਂ ਦੇ ਅਪਘਟਨ ਤੋਂ ਤਿਆਰ ਹੁੰਦੀ ਹੈ।
2.	ਰਸਾਇਣਕ ਖਾਦਾਂ ਦਾ ਉਤਪਾਦਨ ਫੈਕਟਰੀਆਂ ਵਿੱਚ ਕੀਤਾ ਜਾਂਦਾ ਹੈ।	ਰੂੜੀ ਖਾਦ ਖੇਤਾਂ ਵਿੱਚ ਜਾਂ ਘਰਾਂ ਦੇ ਬਾਹਰ ਖੁੱਲ੍ਹੀ ਥਾਂ ਵਿੱਚ ਤਿਆਰ ਕੀਤੀ ਜਾਂਦੀ ਹੈ।
3.	ਰਸਾਇਣਕ ਖਾਦਾਂ ਭੂਮੀ ਨੂੰ ਮੱਲੜ੍ਹ ਪ੍ਰਦਾਨ ਨਹੀਂ ਕਰਦੀਆਂ।	ਰੂੜੀ ਖਾਦ ਭੂਮੀ ਨੂੰ ਭਰਪੂਰ ਮਾਤਰਾ ਵਿੱਚ ਮੱਲੜ੍ਹ ਪ੍ਰਦਾਨ ਕਰਦੀ ਹੈ।
4.	ਰਸਾਇਣਕ ਖਾਦਾਂ ਵਿੱਚ ਨਾਈਟ੍ਰੋਜਨ, ਫਾਸਫੋਰਸ, ਤੇ ਪੋਟਾਸ਼ੀਅਮ ਆਦਿ ਪੋਸ਼ਕ ਤੱਤ ਭਰਪੂਰ ਮਾਤਰਾ ਵਿੱਚ ਹੁੰਦੇ ਹਨ।	ਰੂੜੀ ਖਾਦਾਂ ਵਿੱਚ ਰਸਾਇਣਿਕ ਖਾਦਾਂ ਦੀ ਤੁਲਨਾ ਵਿੱਚ ਇਹ ਪੋਸ਼ਕ ਤੱਤ ਘੱਟ ਮਾਤਰਾ ਵਿੱਚ ਹੁੰਦੇ ਹਨ।

ਪ੍ਰਸ਼ਨ 6- ਸਿੰਚਾਈ ਕੀ ਹੈ? ਸਿੰਚਾਈ ਦੇ ਦੋ ਅਜਿਹੇ ਢੰਗਾਂ ਦੀ ਵਿਆਖਿਆ ਕਰੋ ਜੋ ਪਾਣੀ ਦੀ ਬੱਚਤ ਕਰਦੇ ਹਨ।

ਉੱਤਰ- **ਸਿੰਚਾਈ-** ਫ਼ਸਲ ਨੂੰ ਉੱਚਿਤ ਅੰਤਰਾਲ ਤੇ ਪਾਣੀ ਦੇਣ ਦੀ ਕਿਰਿਆ ਨੂੰ ਸਿੰਚਾਈ ਕਹਿੰਦੇ ਹਨ। ਹੇਠ ਲਿਖੇ ਦੋ ਢੰਗਾਂ ਨਾਲ ਪਾਣੀ ਦੀ ਬੱਚਤ ਹੋ ਸਕਦੀ ਹੈ-

(1) **ਫੁਹਾਰਾ ਪ੍ਰਣਾਲੀ-** ਇਸ ਵਿਧੀ ਵਿੱਚ ਲੰਬਾਤਮਕ ਰੂਪ ਵਿੱਚ ਖੜੀਆਂ ਪਾਈਪਾਂ ਦੇ ਸਿਰੇ ਤੇ ਘੁੰਮਣ ਵਾਲੀਆਂ ਨੋਜਲਾਂ ਫਿੱਟ ਕਰਕੇ, ਇੱਕ ਮੁੱਖ ਪਾਈਪ ਰਾਹੀਂ ਪਾਣੀ ਵਰਖਾ ਵਾਂਗ ਛਿੜਕਿਆ ਜਾਂਦਾ ਹੈ।

(2) **ਤੁਪਕਾ ਪ੍ਰਣਾਲੀ-** ਇਸ ਵਿਧੀ ਵਿੱਚ ਪਾਈਪਾਂ ਰਾਹੀਂ ਪਾਣੀ ਨੂੰ ਤੁਪਕਾ -ਤੁਪਕਾ ਕਰਕੇ ਸਿਰਫ ਪੌਦਿਆਂ ਦੀਆਂ ਜੜ੍ਹਾਂ ਨੇੜੇ ਹੀ ਛੱਡਿਆ ਜਾਂਦਾ ਹੈ।

ਪ੍ਰਸ਼ਨ 7- ਜੇਕਰ ਕਣਕ ਨੂੰ ਖਰੀਫ਼ (ਸਾਉਣੀ) ਦੇ ਮੌਸਮ ਵਿੱਚ ਬੀਜਿਆ ਜਾਵੇ ਤਾਂ ਕੀ ਹੋਵੇਗਾ?

ਉੱਤਰ- ਕਣਕ ਰੱਬੀ ਦੀ ਫ਼ਸਲ ਹੈ।ਕਣਕ ਦੀ ਫ਼ਸਲ ਨੂੰ ਵੱਧ ਠੰਡ ਅਤੇ ਘੱਟ ਪਾਣੀ ਦੀ ਲੋੜ ਹੁੰਦੀ ਹੈ।ਇਸ ਨੂੰ ਸਾਉਣੀ ਵਿੱਚ ਬੀਜਣ ਤੇ ਅਨੁਕੂਲ ਹਾਲਤਾਂ ਨਾਂ ਮਿਲਣ ਕਾਰਨ ਫ਼ਸਲ ਦਾ ਸਹੀ ਵਾਧਾ ਨਹੀਂ ਹੋਵੇਗਾ ਅਤੇ ਝਾੜ ਕਾਫ਼ੀ ਘਟ ਜਾਵੇਗਾ।

ਪ੍ਰਸ਼ਨ 8- ਖੇਤਾਂ ਵਿੱਚ ਲਗਾਤਾਰ ਫ਼ਸਲਾਂ ਬੀਜਣ ਨਾਲ ਭੂਮੀ ਤੇ ਕੀ ਪ੍ਰਭਾਵ ਪੈਂਦਾ ਹੈ?

ਉੱਤਰ- ਲਗਾਤਾਰ ਫ਼ਸਲਾਂ ਬੀਜਣ ਨਾਲ ਭੂਮੀ ਵਿੱਚ ਪੋਸ਼ਕ ਤੱਤਾਂ ਦੀ ਕਮੀ ਆ ਜਾਂਦੀ ਹੈ ਅਤੇ ਫ਼ਸਲਾਂ ਦਾ ਝਾੜ ਘਟ ਜਾਂਦਾ ਹੈ।

ਪ੍ਰਸ਼ਨ 9- ਨਦੀਨ ਕੀ ਹੁੰਦੇ ਹਨ? ਅਸੀਂ ਇਹਨਾਂ ਨੂੰ ਕਿਵੇਂ ਕੰਟਰੋਲ ਕਰ ਸਕਦੇ ਹਾਂ?

ਉੱਤਰ- ਮੁੱਖ ਫ਼ਸਲ ਨਾਲ ਉੱਗੇ ਬੇਲੋੜੇ ਪੌਦਿਆਂ ਨੂੰ ਨਦੀਨ ਕਹਿੰਦੇ ਹਨ। ਹੱਥ ਜਾਂ ਖੁਰਪੇ ਨਾਲ ਗੋਡੀ ਕਰਕੇ ਜਾਂ ਨਦੀਨ ਨਾਸ਼ਕਾਂ ਦਾ ਛਿੜਕਾਅ ਕਰਕੇ ਨਦੀਨਾਂ ਨੂੰ ਕੰਟਰੋਲ ਕਰ ਸਕਦੇ ਹਾਂ।

ਪ੍ਰਸ਼ਨ 10- ਹੇਠ ਲਿਖੇ ਬਕਸਿਆਂ ਨੂੰ ਉੱਚਿਤ ਤਰਤੀਬ ਵਿੱਚ ਸੈੱਟ ਕਰੋ ਤਾਂ ਕਿ ਗੰਨੇ ਦੀ ਫ਼ਸਲ ਉਗਾਉਣ ਦਾ ਰੇਖਾ ਚਿਤਰ ਤਿਆਰ ਹੋ ਜਾਵੇ।

ਫ਼ਸਲ ਨੂੰ ਖੰਡ ਮਿੱਲ ਪਹੁੰਚਾਉਣਾ	**ਸਿੰਚਾਈ**	**ਵਾਢੀ**	**ਬਿਜਾਈ**	**ਭੂਮੀ ਦੀ ਤਿਆਰੀ**	**ਹਲੁ ਵਾਹੁਣਾ**	**ਖਾਦ ਪਾਉਣਾ**

ਉੱਤਰ-

ਭੂਮੀ ਦੀ ਤਿਆਰੀ	**ਹਲੁ ਵਾਹੁਣਾ**	**ਬਿਜਾਈ**	**ਸਿੰਚਾਈ**	**ਖਾਦ ਪਾਉਣਾ**	**ਵਾਢੀ**	**ਫ਼ਸਲ ਨੂੰ ਖੰਡ ਮਿੱਲ ਪਹੁੰਚਾਉਣਾ**

ਪ੍ਰਸ਼ਨ 11- ਦਿੱਤੀ ਹੋਈ ਸ਼ਬਦ ਪਹੇਲੀ ਨੂੰ ਪੂਰਾ ਕਰੋ॥

ਉੱਤਰ- (1) ਫ਼ਸਲ ਨੂੰ ਪਾਣੀ ਦੇਣਾ- **ਸਿੰਚਾਈ**

(2) ਪੱਕੀ ਫ਼ਸਲ ਨੂੰ ਜਿਸ ਮਸ਼ੀਨ ਨਾਲ ਕੱਟਿਆਂ ਜਾਂਦਾ ਹੈ- **ਹਾਰਵੈਸਟਰ**

(3) ਵਰਖਾ ਰੁੱਤ ਵਿੱਚ ਉਗਾਈ ਜਾਣ ਵਾਲੀ ਫ਼ਸਲ- **ਚਾਵਲ**

(4) ਦਾਣਿਆਂ ਨੂੰ ਤੂੜੀ ਤੋਂ ਵੱਖ ਕਰਨਾ- **ਗਹਾਈ**

(5) ਇੱਕੋ ਨਸਲ ਦੇ ਪੌਦਿਆਂ ਨੂੰ ਵੱਡੇ ਪੱਧਰ ਤੇ ਉਗਾਉਣਾ- **ਫ਼ਸਲ**

(6) ਫ਼ਸਲ ਦੇ ਦਾਣਿਆਂ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣਾ- **ਭੰਡਾਰਨ।**

ਇੱਕ ਨੰਬਰ ਵਾਲੇ ਬਹੁ-ਵਿਕਲਪੀ ਪ੍ਰਸ਼ਨ

1. ਇੰਨੀ ਵੱਡੀ ਜਨਸੰਖਿਆ ਨੂੰ ਭੋਜਨ ਉਪਲਬਧ ਕਰਵਾਉਣ ਲਈ ਸਾਨੂੰ ਕੀ ਕਰਨ ਦੀ ਲੋੜ ਹੈ?

ੳ) ਲਗਾਤਾਰ ਉਤਪਾਦਨ ਅ) ਉਚਿਤ ਪ੍ਰਬੰਧਨ ੲ) ਸਹੀ ਵੰਡ ਪ੍ਰਣਾਲੀ **ਸ) ਉਪਰੋਕਤ ਸਾਰੇ**

2. ਰੱਬੀ ਦੀਆਂ ਫਸਲਾਂ ਕਿਹੜੀ ਰੁੱਤ ਵਿੱਚ ਉਗਾਈਆਂ ਜਾਦੀਆਂ ਹਨ?

ੳ) ਗਰਮੀ **ਅ) ਸਰਦੀ** ੲ) ਵਰਖਾ ਸ) ਪੱਤਝੜ

3. ਝੋਨੇ (ਧਾਨ) ਦੀ ਫਸਲ ਨੂੰ ਫਸਲਾਂ ਦੇ ਕਿਸ ਵਰਗ ਵਿੱਚ ਰੱਖੋਗੇ?

GSSSMACHHIKE(MOGA)

ੳ) ਰੱਬੀ ਦੀ ਫਸਲ **ਅ) ਖਰੀਫ ਦੀ ਫਸਲ** ੲ) ਸੋਕੇ ਦੀ ਫਸਲ ਸ) ਉਪਰੋਕਤ ਵਿੱਚੋਂ ਕੋਈ ਨਹੀਂ

4. ਹੇਠ ਲਿਖਿਆਂ ਵਿੱਚੋਂ ਕਿਹੜੀ ਖੇਤੀ ਪੱਧਤੀ ਨਹੀ ਹੈ?

ੳ) ਬੀਜ਼ ਬੀਜਣਾ ਅ) ਸਿੰਚਾਈ ੲ) ਭੰਡਾਰਨ **ਸ) ਢੋਆ-ਢੁਆਈ**

5. ਆਸ਼ਾ ਦੇ ਚਾਚਾ ਜੀ ਅੱਜ ਖੇਤ ਵਿੱਚ ਫਸਲ ਬੀਜਣ ਤੋਂ ਪਹਿਲਾਂ ਮਿੱਟੀ ਨੂੰ ਪੱਧਰਾ ਕਰ ਰਹੇ ਹਨ। ਇਸ ਕੰਮ ਲਈ ਉਹ ਇੱਕ

ਖਾਸ ਔਜ਼ਾਰ ਦੀ ਵਰਤੋਂ ਕਰ ਰਹੇ ਹਨ। ਇਸ ਔਜ਼ਾਰ ਨੂੰ ਕੀ ਕਿਹਾ ਜਾਂਦਾ ਹੈ?

ੳ) ਸੁਹਾਗਾ ਅ) ਕੁਦਾਲੀ ੲ) ਹਲ ਸ) ਬੀਜ ਡਰਿੱਲ

6. ਕੱਟੀ ਹੋਈ ਫਸਲ ਵਿੱਚੋਂ ਦਾਨਿਆਂ ਨੂੰ ਵੱਖ ਕਰਨ ਦੀ ਵਿਧੀ ਨੂੰ ਕੀ ਕਿਹਾ ਜਾਂਦਾ ਹੈ?

ੳ) ਗਹਾਈ ਅ) ਸਿੰਚਾਈ ੲ) ਵਾਢੀ ਸ) ਬਿਜਾਈ

7. ਹਰਮਨ ਨੇ ਖੇਤ ਵਿੱਚ ਹੱਲ ਵਾਹੁਣ ਸਮੇਂ ਦੇਖਿਆ ਕਿ ਮਿੱਟੀ ਬਹੁਤ ਖੁਸ਼ਕ ਸੀ । ਤੁਹਾਡੇ ਅਨੁਸਾਰ ਪਹਿਲਾਂ ਉਸਨੂੰ ਕੀ ਕਰਨ ਦੀ ਲੋੜ ਸੀ?

ੳ) ਦੇਸੀ ਖਾਦ ਪਾਉਣ ਦੀ ਅ) ਤਾਕਤਵਾਰ ਹਲ ਦੀ **ੲ) ਪਾਣੀ ਲਗਾਉਣ ਦੀ** ਸ) ਨਦੀਨ ਹਟਾਉਣ ਦੀ

8. ਸਲੀਮ ਦੀ ਮਾਤਾ ਜੀ ਨੇ ਕੁੱਝ ਬੀਜ਼ ਇੱਕ ਬਰਤਨ ਵਿੱਚ ਪਾ ਕੇ ਉੱਪਰੋਂ ਪਾਣੀ ਪਾ ਦਿੱਤਾ। ਕੁੱਝ ਦੇਰ ਬਾਅਦ ਸਾਰੇ ਬੀਜ਼ ਪਾਣੀ ਉੱਪਰ ਤੈਰਨ ਲੱਗ ਪਏ। ਇਸ ਦਾ ਕੀ ਕਾਰਨ ਹੋ ਸਕਦਾ ਹੈ?

ੳ) ਬੀਜ਼ ਖਰਾਬ ਹਨ ਅ) ਬੀਜ਼ ਸਿਹਤਮੰਦ ਹਨ

ੲ) ਕੁਝ ਬੀਜ਼ ਸਿਹਤਮੰਦ ਅਤੇ ਕੁੱਝ ਖਰਾਬ ਹਨ ਸ) ਕੁੱਝ ਕਹਿ ਨਹੀਂ ਸਕਦੇ

9. ਮਿੱਟੀ ਨੂੰ ਉਲਟਾਉਣ-ਪਲਟਾਉਣ ਅਤੇ ਪੋਲਾ ਕਰਨ ਦੀ ਪ੍ਰਕਿਰਿਆ ਨੂੰ ਕੀ ਕਹਿੰਦੇ ਹਨ?

ੳ) ਸਿੰਚਾਈ ਅ) ਗਹਾਈ **ੲ) ਹਲ ਵਾਹੁਣਾ** ਸ) ਗੋਡੀ

10. ਅਜਿਹਾ ਯੰਤਰ ਜੋ ਨਦੀਨ ਹਟਾਉਣ ਅਤੇ ਮਿੱਟੀ ਨੂੰ ਪੋਲਾ ਕਰਨ ਲਈ ਵਰਤਿਆ ਜਾਂਦਾ ਹੈ, ਨੂੰ ਕੀ ਕਹਿੰਦੇ ਹਨ?

ੳ) ਕਰਾਹ ਅ) ਸੁਹਾਗਾ **ੲ) ਬੀਜ ਡਰਿੱਲ** ਸ) ਕਰੰਡੀ

11. ਕੁਲਵਿੰਦਰ ਕੌਰ ਨੇ ਆਪਣੀ ਮਾਤਾ ਜੀ ਨੂੰ ਕਣਕ ਨਾਲ ਭਰੇ ਧਾਤ ਦੇ ਬਰਤਨ ਵਿੱਚ ਨਿੰਮ ਦੇ ਸੁੱਕੇ ਪੱਤੇ ਪਾਉਂਦੇ

ਦੇਖਿਆ। ਕੁਲਵਿੰਦਰ ਕੌਰ ਦੀ ਮਾਤਾ ਜੀ ਨੇ ਅਜਿਹਾ ਕਿਉਂ ਕੀਤਾ?

ੳ) ਕਣਕ ਦਾ ਰੰਗ ਖਰਾਬ ਨਾ ਹੋਵੇ ਅ) ਕਣਕ ਦਾ ਸੁਆਦ ਵੱਧ ਜਾਵੇ

ੲ) ਕਣਕ ਸੂਖਮਜੀਵਾਂ ਤੋਂ ਸੁਰੱਖਿਅਤ ਰਹੇ ਸ) ਉਪਰੋਕਤ ਵਿੱਚੋਂ ਕੋਈ ਨਹੀਂ

12. ਖੇਤੀਬਾੜੀ ਮਾਹਿਰ ਨੇ ਸਾਡੇ ਪਿੰਡ ਦੇ ਕਿਸਾਨ ਨੂੰ ਆਪਣੇ ਖੇਤ ਵਿੱਚ ਫਲੀਦਾਰ ਫਸਲ ਉਗਾਉਣ ਦੀ ਸਲਾਹ ਦਿੱਤੀ, ਤਾਂ ਜੋ ਮਿੱਟੀ ਵਿੱਚ ਕਿਸੇ ਖਾਸ ਤੱਤ ਦੀ ਪੂਰਤੀ ਹੋ ਸਕੇ। ਇਹ ਖਾਸ ਤੱਤ ਕਿਹੜਾ ਹੋ ਸਕਦਾ ਹੈ?

ੳ) ਸਲਫਰ ਅ) ਆਕਸੀਜਨ **ੲ) ਨਾਈਟ੍ਰੋਜਨ** ਸ) ਫਾਸਫੋਰਸ

13. ਰਾਹੁਲ ਦੇ ਰਿਸ਼ਤੇਦਾਰ ਰਾਜਸਥਾਨ ਵਿੱਚ ਰਹਿੰਦੇ ਹਨ, ਜਿੱਥੇ ਵਰਖਾ ਘੱਟ ਹੁੰਦੀ ਹੈ । ਰਾਹੁਲ ਦੇ ਰਿਸ਼ਤੇਦਾਰ ਨੂੰ ਸਿੰਚਾਈ ਦਾ ਕਿਹੜਾ ਆਧੁਨਿਕ ਢੰਗ ਵਰਤਨਾ ਚਾਹੀਦਾ ਹੈ?

GSS MACHHIKE (MOGA)

ੳ) ਫੁਹਾਰਾ ਪ੍ਰਣਾਲੀ ਅ) ਤੁਪਕਾ ਪ੍ਰਣਾਲੀ **ੲ) ਉਪਰੋਕਤ ਦੋਨੋਂ** ਸ) ਉਪਰੋਕਤ ਵਿੱਚੋਂ ਕੋਈ ਨਹੀਂ

14. ਗੁਰਮੀਤ ਨੇ ਆਪਣੇ ਪਿਤਾ ਜੀ ਨੂੰ ਖੇਤ ਵਿੱਚੋਂ ਬੇਲੋੜੇ ਅਤੇ ਅਣਬੀਜੇ ਪੌਦਿਆਂ ਨੂੰ ਬਾਹਰ ਕੱਢਦੇ ਹੋਏ ਦੇਖਿਆ। ਅਜਿਹੇ ਬੇਲੋੜੇ ਪੌਦਿਆਂ ਨੂੰ ਕੀ ਕਹਿੰਦੇ ਹਨ?

ੳ) ਫਲੀਦਾਰ ਪੌਦੇ **ਅ) ਨਦੀਨ** ੲ) ਝਾੜੀਆਂ ਸ) ਇਨ੍ਹਾ ਵਿੱਚੋ ਕੋਈ ਨਹੀ

15. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਰਸਾਇਣਕ ਖਾਦਾਂ ਲਈ ਸਹੀ ਨਹੀਂ ਹੈ:

ੳ) ਰਸਾਇਣਕ ਖਾਦਾਂ ਕਾਰਬਨਿਕ ਪਦਾਰਥਾਂ ਦੀਆਂ ਬਣੀਆਂ ਹੁੰਦੀਆਂ ਹਨ।

ਅ) ਰਸਾਇਣਕ ਖਾਦਾਂ ਫੈਕਟਰੀਆਂ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ।

ੲ) ਰਸਾਇਣਕ ਖਾਦਾਂ ਮੱਲੜ੍ਹ ਪ੍ਰਦਾਨ ਨਹੀਂ ਕਰਦੀਆਂ ਹਨ।

ਸ) ਰਸਾਇਣਕ ਖਾਦਾਂ ਮੁੱਖ ਤੌਰ ਤੇ ਨਾਈਟ੍ਰੋਜਨ,ਫਾਸਫੋਰਸ ਅਤੇ ਪੋਟਾਸ਼ੀਅਮ ਦੀਆਂ ਬਣੀਆਂ ਹੁੰਦੀਆਂ ਹਨ।

16. 2,4-D ਇੱਕ …………… ਦੀ ਕਿਸਮ ਹੈ।

ੳ) ਨਦੀਨ ਨਾਸ਼ਕ ਅ) ਦੇਸੀ ਖਾਦ ੲ) ਕੀਟ ਨਾਸ਼ਕ ਸ) ਰਸਾਇਣਕ ਖਾਦ

17. ਸਿੰਚਾਈ ਦੀ ਕੀ ਮਹੱਤਤਾ ਹੈ?

ੳ) ਬੀਜ਼ ਦਾ ਪੁੰਗਰਨਾ ਸੰਭਵ ਕਰਨਾ ਅ) ਪਾਣੀ ਵਿੱਚ ਘੁਲੇ ਪੋਸ਼ਕ ਤੱਤਾਂ ਨੂੰ ਪੌਦੇ ਦੇ ਹਰੇਕ ਅੰਗ ਤੱਕ ਪਹੁੰਚਾਉਣਾ

ੲ) ਫਸਲ ਨੂੰ ਠੰਡੀਆਂ ਅਤੇ ਗਰਮ ਹਵਾਵਾਂ ਸਮੇਂ ਬਚਾ ਕੇ ਰੱਖਣਾ **ਸ) ਉਪਰੋਕਤ ਸਾਰੇ**

18. ਮਿੱਟੀ ਦੀ ਉਪਜਾਊ ਸ਼ਕਤੀ ਕੁਦਰਤੀ ਤੌਰ ਤੇ ਬਣਾਈ ਰੱਖਣ ਲਈ, ਕਿਹੜਾ ਤਰੀਕਾ ਜ਼ਿਆਦਾ ਕਾਰਗਰ ਹੋ ਸਕਦਾ ਹੈ?

ੳ) ਰਸਾਇਣਕ ਖਾਦਾਂ ਦਾ ਉਪਯੋਗ **ਅ) ਫਸਲੀ ਚੱਕਰ**

ੲ) ਤੁਪਕਾ ਪ੍ਰਣਾਲੀ ਰਾਹੀਂ ਸਿੰਚਾਈ ਸ) ਉਪਰੋਕਤ ਕੋਈ ਨਹੀਂ

19. ਰਸਇਣਿਕ ਖਾਦਾ ਦੀ ਜਿਆਦਾ ਵਰਤੋਂ ਨਾਲ ਕੀ ਹੁੰਦਾ ਹੈ?

ੳ) ਫਸਲ ਦੀ ਜਿਆਦਾ ਪੈਦਾਵਾਰ ਅ) ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਘਾਟਾ

ੲ) ਪਾਣੀ ਦਾ ਪ੍ਰਦੂਸ਼ਣ **ਸ) 'ਅ' ਅਤੇ 'ੲ' ਦੋਵੇ**

20. ਹੇਠ ਲਿਖੇ ਪਦਾਰਥਾ ਵਿੱਚੋ ਕਿਸ ਵਿੱਚ ਵਿਸ਼ੇਸ ਪੋਸ਼ਕ ਤੱਤ ਜਿਆਦਾ ਮਾਤਰਾ ਵਿੱਚ ਹੁੰਦੇ ਹਨ?

ੳ) ਦੇਸੀ ਖਾਦ ਅ) ਵਰਮੀ ਕੰਪੋਸਟ **ੲ) ਰਸਾਇਣਿਕ ਖਾਦਾਂ** ਸ) ਉਪਰੋਕਤ ਸਾਰੇ

ਦੋ ਨੰਬਰਾਂ ਵਾਲੇ ਵਾਧੂ ਪ੍ਰਸ਼ਨ

ਪ੍ਰਸ਼ਨ 1- ਦੋ ਨਦੀਨ ਨਾਸ਼ਕਾਂ ਦੇ ਨਾਂ ਦੱਸੋ।

ਉੱਤਰ- (1) 2,4-D (2)- ਬੂਟਾ ਕਲੋਰ

ਪ੍ਰਸ਼ਨ 2- ਦੋ ਰਸਾਇਣਿਕ ਖਾਦਾਂ ਦੇ ਨਾਂ ਲਿਖੋ।

GSSS MACHHIKE (MOGA)

ਉੱਤਰ- ਯੂਰੀਆ, ਸੁਪਰ ਫਾਸਫੇਟ, ਅਮੋਨੀਅਮ ਸਲਫੇਟ, NPK.

ਪ੍ਰਸ਼ਨ 3- ਜੈਵਿਕ ਖਾਦ ਤੋਂ ਕੀ ਭਾਵ ਹੈ?

ਉੱਤਰ- ਪੌਦਿਆਂ ਅਤੇ ਜੰਤੂਆਂ ਦੇ ਵਿਅਰਥ ਪਦਾਰਥਾਂ ਦੇ ਅਪਘਟਨ ਤੋਂ ਤਿਆਰ ਖਾਦ ਨੂੰ ਜੈਵਿਕ ਖਾਦ ਕਿਹਾ ਜਾਂਦਾ ਹੈ।

ਪ੍ਰਸ਼ਨ 4-ਪਸ਼ੂ ਪਾਲਣ ਕੀ ਹੈ?

ਉੱਤਰ- ਕੁੱਝ ਉਪਜਾਂ ਪ੍ਰਾਪਤ ਕਰਨ ਲਈ ਪਸ਼ੂਆਂ ਨੂੰ ਨਿਵਾਸ-ਸਥਾਨ, ਭੋਜਨ ਦੇਣ ਅਤੇ ਦੇਖਭਾਲ ਕਰਨ ਨੂੰ ਪਸ਼ੂ-ਪਾਲਣ ਕਹਿੰਦੇ ਹਨ।

ਪ੍ਰਸ਼ਨ 5- ਨਾਈਟਰੋਜਨ ਸਥਿਰੀਕਰਨ ਤੋਂ ਕੀ ਭਾਵ ਹੈ?

ਉੱਤਰ- ਕੁੱਝ ਜੀਵਾਣੂਆਂ ਦੁਆਰਾ ਵਾਯੂਮੰਡਲ ਵਿਚਲੀ ਨਾਈਟ੍ਰੋਜਨ ਗੈਸ ਨੂੰ ਇਸਦੇ ਯੋਗਿਕਾਂ ਵਿੱਚ ਬਦਲਿਆ ਜਾਂਦਾ ਹੈ ਤਾਂ ਕਿ ਪੌਦੇ ਨਾਈਟ੍ਰੋਜਨ ਨੂੰ ਗ੍ਰਹਿਣ ਕਰ ਸਕਣ। ਇਸ ਕਿਰਿਆ ਨੂੰ ਨਾਈਟ੍ਰੋਜਨ ਸਥਿਰੀਕਰਨ ਕਹਿੰਦੇ ਹਨ।

GSSS MACHHIKE (MOGA)

ਅਧਿਆਇ-2 ਸੂਖਮਜੀਵ- ਮਿੱਤਰ ਅਤੇ ਦੁਸ਼ਮਣ

ਪ੍ਰਸ਼ਨ 1- ਖ਼ਾਲੀ ਸਥਾਨ ਭਰੋ-

(ਬ) ਸੂਖਮਜੀਵ **ਸੂਖਮਦਰਸ਼ੀ** ਦੀ ਸਹਾਇਤਾ ਨਾਲ ਵੇਖੇ ਜਾ ਸਕਦੇ ਹਨ।

(ਭ) ਨੀਲੀ ਹਰੀ ਕਾਈ **ਨਾਈਟ੍ਰੋਜਨ** ਨੂੰ ਸਿੱਧਾ ਹੀ ਹਵਾ ਵਿੱਚੋਂ ਸਥਿਰਿਕਰਨ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਂਦੀ ਹੈ।

(ੲ) ਅਲਕੋਹਲ **ਯੀਸਟ ਜਾਂ ਖ਼ਮੀਰ** ਦੀ ਮਦਦ ਨਾਲ ਤਿਆਰ ਕੀਤੀ ਜਾਂਦੀ ਹੈ।

(ਸ) ਹੈਜਾ **ਜੀਵਾਣੂਆਂ** ਕਾਰਨ ਫੈਲਦਾ ਹੈ।

ਪ੍ਰਸ਼ਨ 2- ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

(ੳ) ਖ਼ਮੀਰ ਦੀ ਵਰਤੋਂ ਹੇਠ ਲਿਖਿਆਂ ਵਿੱਚੋਂ ਕਿਸ ਦੀ ਤਿਆਰੀ ਲਈ ਕੀਤੀ ਜਾਂਦੀ ਹੈ।

1) ਚੀਨੀ (ਖੰਡ) 2) ਸ਼ਰਾਬ (✓) 3) ਹਾਈਡ੍ਰੋਕਲੋਰਿਕ ਐਸਿਡ 4) ਆਕਸੀਜਨ

(ਅ) ਹੇਠ ਲਿਖਿਆਂ ਵਿੱਚ ਵਿੱਚੋਂ ਕਿਹੜੀ ਪ੍ਰਤੀਜੈਵਿਕ ਦਵਾਈ ਹੈ?

1) ਸੋਡੀਅਮ ਬਾਈਕਾਰਬੋਨੇਟ 2) ਸਟਰੈਪਟੋਮਾਈਸੀਨ(✓) 3) ਅਲਕੋਹਲ (ਸ਼ਰਾਬ) 4) ਖ਼ਮੀਰ

(ੲ) ਮਲੇਰੀਆ ਫੈਲਾਉਣ ਵਾਲੇ ਪ੍ਰੋਟੋਜ਼ੋਆ ਦਾ ਵਾਹਕ ਹੈ।

1) ਮਾਦਾ ਐਨਾਫ਼ਲੀਜ ਮੱਛਰ (✓) 2) ਕਾਕਰੋਚ 3) ਘਰੇਲੂ ਮੱਖੀ 4) ਤਿੱਤਲੀ

(ਸ) ਛੂਤ ਦੇ ਰੋਗਾਂ ਦਾ ਆਮ ਵਾਹਕ ਹੈ{

1) ਕੀੜੀ 2) ਘਰੇਲੂ ਮੱਖੀ (✓) 3) ਪਤੰਗਾ 4) ਮੱਕੜੀ

(ਹ) ਬਰੈੱਡ ਜਾਂ ਇਡਲੀ ਦੇ ਗੁੰਨ੍ਹ ਕੇ ਰੱਖੇ ਆਟੇ ਦੇ ਫੁਲਣ ਦਾ ਕਾਰਨ ਹੈ।

1) ਤਾਪ 2) ਪੀਸਣ ਕਰਕੇ 3) ਖ਼ਮੀਰ ਸੈੱਲਾਂ ਦਾ ਵਾਧਾ (✓) 4) ਗੁੰਨ੍ਹਣ ਕਰਕੇ

(ਕ) ਖੰਡ ਦੇ ਅਲਕੋਹਲ (ਸ਼ਰਾਬ) ਵਿੱਚ ਬਦਲਣ ਦੀ ਕਿਰਿਆ ਨੂੰ ਕਹਿੰਦੇ ਹਨ।

1) ਨਾਈਟ੍ਰੋਜਨ ਦਾ ਸਥਿਰੀਕਰਨ 2) ਉੱਲੀ ਦਾ ਉੱਗਣਾ 3) ਖ਼ਮੀਰਨ ਕਿਰਿਆ (✓) 4) ਲਾਗ ਦਾ ਹੋਣਾ

ਪ੍ਰਸ਼ਨ 3- ਕਾੱਲਮ 'ੳ' ਵਿਚਲੇ ਜੀਵ ਅਤੇ ਕਾਲਮ 'ਅ' ਵਿਚਲੀ ਕਿਰਿਆ ਦਾ ਸਹੀ ਮਿਲਾਣ ਕਰੋ।

(5)	ਜੀਵਾਣੂ	(ੳ) ਨਾਈਟ੍ਰੋਜਨ ਸਥਿਰੀਕਰਨ
(6)	ਰਾਈਜ਼ੋਬੀਅਮ	(ਅ) ਦਹੀਂ ਦਾ ਜੰਮਣਾ
(7)	ਲੈਕਟੋਬੈਸੀਲਸ	(ੲ) ਬਰੈੱਡ ਬਣਾਉਣਾ
(8)	ਖ਼ਮੀਰ	(ਸ) ਮਲੇਰੀਆ ਫੈਲਣ ਦਾ ਕਾਰਨ
(9)	ਪ੍ਰੋਟੋਜ਼ੋਆ	(ਹ) ਹੈਜ਼ਾ ਫੈਲਣ ਦਾ ਕਾਰਨ
(10)	ਵਿਸ਼ਾਣੂ	(ਕ) ਏਡਜ਼ ਫੈਲਣ ਦਾ ਕਾਰਨ
		(ਖ) ਪ੍ਰਤੀਪਿੰਡ ਬਣਾਉਣਾ

GSSS MACHHIKE (MOGA)

ਪ੍ਰਸ਼ਨ 4– ਕੀ ਸੂਖਮਜੀਵਾਂ ਨੂੰ ਨੰਗੀ ਅੱਖ ਨਾਲ ਵੇਖਿਆ ਜਾ ਸਕਦਾ ਹੈ? ਜੇ ਨਹੀਂ ਤਾਂ ਇਹ ਕਿਵੇਂ ਵੇਖੇ ਜਾ ਸਕਦੇ ਹਨ?

ਉੱਤਰ- ਨਹੀਂ। ਸੂਖਮਜੀਵਾਂ ਨੂੰ ਸੂਖਮਦਰਸ਼ੀ ਦੀ ਮਦਦ ਨਾਲ ਵੇਖਿਆ ਜਾ ਸਕਦਾ ਹੈ।

ਪ੍ਰਸ਼ਨ 5– ਸੂਖਮਜੀਵਾਂ ਦੇ ਮੁੱਖ ਵਰਗ ਕਿਹੜੇ-ਕਿਹੜੇ ਹਨ।

ਉੱਤਰ- 1) ਜੀਵਾਣੂ, 2) ਉੱਲੀਆਂ, 3) ਪ੍ਰੋਟੋਜ਼ੋਆ, 4) ਕਾਈ ਅਤੇ 5) ਵਿਸ਼ਾਣੂ।

ਪ੍ਰਸ਼ਨ 6– ਉਨ੍ਹਾਂ ਸੂਖਮਜੀਵਾਂ ਦੇ ਨਾਂ ਦੱਸੋ ਜੋ ਮਿੱਟੀ ਵਿੱਚੋਂ ਵਾਯੂਮੰਡਲ ਵਿਚਲੀ ਨਾਈਟ੍ਰੋਜਨ ਦਾ ਸਥਿਰੀਕਰਨ ਕਰਦੇ ਹਨ।

ਉੱਤਰ- ਜੀਵਾਣੂ (ਰਾਈਜ਼ੋਬੀਅਮ), ਨੀਲੀ-ਹਰੀ ਕਾਈ।

ਪ੍ਰਸ਼ਨ 7– ਸਾਡੇ ਜੀਵਨ ਵਿੱਚ ਸੂਖਮਜੀਵਾਂ ਦੇ ਉਪਯੋਗਾਂ ਬਾਰੇ ਦਸ ਲਾਈਨਾਂ ਲਿਖੋ।

ਉੱਤਰ- 1) ਸੂਖਮਜੀਵਾਂ ਦੀ ਵਰਤੋਂ ਸ਼ਰਾਬ ਬਣਾਉਣ ਲਈ ਕੀਤੀ ਜਾਂਦੀ ਹੈ।

2) ਸੂਖਮਜੀਵਾਂ ਦੀ ਵਰਤੋਂ ਦੁੱਧ ਤੋਂ ਦਹੀਂ ਬਣਾਉਣ ਲਈ ਕੀਤੀ ਜਾਂਦੀ ਹੈ।

3) ਸੂਖਮਜੀਵਾਂ ਦੀ ਵਰਤੋਂ ਪ੍ਰਤੀਜੈਵਿਕ ਦਵਾਈਆਂ ਬਣਾਉਣ ਲਈ ਕੀਤੀ ਜਾਂਦੀ ਹੈ।

4) ਸੂਖਮਜੀਵਾਂ ਦੀ ਵਰਤੋਂ ਬੇਕਰੀ ਉਦਯੋਗ ਵਿੱਚ ਕੀਤੀ ਜਾਂਦੀ ਹੈ।

5) ਸੂਖਮਜੀਵਾਂ ਦੀ ਵਰਤੋਂ ਟੀਕੇ ਬਣਾਉਣ ਲਈ ਕੀਤੀ ਜਾਂਦੀ ਹੈ।

6) ਸੂਖਮਜੀਵਾਂ ਦੀ ਵਰਤੋਂ ਦੇਸੀ ਖ਼ਾਦ ਬਣਾਉਣ ਲਈ ਕੀਤੀ ਜਾਂਦੀ ਹੈ।

7) ਸੂਖਮਜੀਵਾਂ ਦੀ ਵਰਤੋਂ ਨਾਈਟ੍ਰੋਜਨ ਸਥਿਰੀਕਰਨ ਲਈ ਕੀਤੀ ਜਾਂਦੀ ਹੈ।

8) ਸੂਖਮਜੀਵਾਂ ਦੀ ਵਰਤੋਂ ਸਿਰਕਾ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ।

9) ਸੂਖਮਜੀਵਾਂ ਦੀ ਵਰਤੋਂ ਖ਼ਮੀਰਨ ਕਿਰਿਆ ਵਿੱਚ ਕੀਤੀ ਜਾਂਦੀ ਹੈ।

10) ਸੂਖਮਜੀਵਾਂ ਸਜੀਵਾਂ ਦੀ ਰਹਿੰਦ-ਖੂੰਹਦ ਦਾ ਅਪਘਟਨ ਕਰਕੇ ਵਾਤਾਵਰਨ ਨੂੰ ਸਾਫ ਕਰਦੇ ਹਨ।

ਪ੍ਰਸ਼ਨ 8– ਸੂਖਮਜੀਵਾਂ ਦੁਆਰਾ ਹੋਣ ਵਾਲੀਆਂ ਹਾਨੀਆਂ ਦੀ ਵਿਆਖਿਆ ਕਰੋ।

ਉੱਤਰ- 1) ਕੁੱਝ ਸੂਖਮਜੀਵ ਭੋਜਨ ਨੂੰ ਖ਼ਰਾਬ ਕਰਦੇ ਹਨ।

2) ਕੁੱਝ ਸੂਖਮਜੀਵ ਮਨੁੱਖ ਵਿੱਚ ਬਿਮਾਰੀਆਂ ਫੈਲਾਉਂਦੇ ਹਨ। ਜਿਵੇਂ-ਹੈਜਾ, ਟੀ.ਬੀ., ਮਲੇਰੀਆ ਆਦਿ।

3) ਕੁੱਝ ਸੂਖਮਜੀਵ ਜਾਨਵਰਾਂ ਵਿੱਚ ਬਿਮਾਰੀਆਂ ਫੈਲਾਉਂਦੇ ਹਨ। ਜਿਵੇਂ-ਮੂੰਹ-ਖੁਰ, ਐਂਥਰੈਕਸ ਆਦਿ।

4) ਕੁੱਝ ਸੂਖਮਜੀਵ ਪੌਦਿਆਂ ਵਿੱਚ ਬਿਮਾਰੀਆਂ ਫੈਲਾਉਂਦੇ ਹਨ। ਜਿਵੇਂ-ਕਣਕ ਦੀ ਕੁੰਗੀ, ਸਿਟਰਸ ਕੈਂਕਰ ਆਦਿ।

5) ਕੁੱਝ ਸੂਖਮਜੀਵ ਚਮੜੇ ਤੋਂ ਬਣੀਆਂ ਵਸਤੂਆਂ ਨੂੰ ਖਰਾਬ ਕਰਦੇ ਹਨ।

GSSS MACHHIKE (MOGA)

ਪ੍ਰਸ਼ਨ 9- ਪ੍ਰਤੀਜੈਵਿਕ ਦਵਾਈਆਂ ਕੀ ਹਨ? ਪ੍ਰਤੀਜੈਵਿਕ ਦਵਾਈਆਂ ਲੈਣ ਸਮੇਂ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ?

ਉੱਤਰ- ਉਹ ਦਵਾਈਆਂ ਜੋ ਬਿਮਾਰੀ ਫੈਲਾਉਣ ਵਾਲੇ ਸੂਖਮਜੀਵਾਂ ਨੂੰ ਜਾਂ ਤਾਂ ਮਾਰ ਦਿੰਦੀਆਂ ਹਨ ਜਾਂ ਉਹਨਾਂ ਦੇ ਵਾਧੇ ਨੂੰ ਰੋਕ ਦਿੰਦੀਆਂ ਹਨ। ਜਿਵੇਂ- ਸਟਰੈਪਟੋਮਾਈਸੀਨ, ਟੈਟਰਾਸਾਈਕਲਿਨ, ਪੈਨਿਸਿਲਿਨ ਆਦਿ।

ਪ੍ਰਤੀਜੈਵਿਕ ਦਵਾਈਆਂ ਕਿਸੇ ਮਾਹਿਰ ਡਾਕਟਰ ਦੀ ਸਲਾਹ ਅਨੁਸਾਰ ਹੀ ਲੈਣੀਆਂ ਚਾਹੀਦੀਆਂ ਹਨ ਅਤੇ ਕੋਰਸ ਪੂਰਾ ਕਰਨਾ ਚਾਹਦਿਾ ਹੈ। ਜਿਆਦਾ ਲੰਬੇ ਸਮੇਂ ਤੱਕ ਇਹਨਾਂ ਦੀ ਵਰਤੋਂ ਸਰੀਰ ਲਈ ਹਾਨੀਕਾਰਕ ਹੋ ਸਕਦੀ ਹੈ।

ਇੱਕ ਨੰਬਰ ਵਾਲੇ ਬਹੁ-ਵਿਕਲਪੀ ਪ੍ਰਸ਼ਨ

1. **ਅੱਜ ਪਹੇਲੀ ਦੇ ਵਿਗਿਆਨ ਵਿਸ਼ੇ ਦੇ ਅਧਿਆਪਕ ਜਮਾਤ ਵਿੱਚ ਆਪਣੇ ਨਾਲ ਇੱਕ ਯੰਤਰ ਲੈ ਕੇ ਆਉਂਦੇ ਹਨ। ਉਹ ਵਿਦਿਆਰਥੀਆਂ ਨੂੰ ਦੱਸਦੇ ਹਨ ਕਿ ਇਸ ਨਾਲ ਸੂਖਮ ਵਸਤੂਆਂ ਨੂੰ ਵੱਡਾ ਕਰਕੇ ਸਪੱਸ਼ਟ ਵੇਖਿਆ ਜਾ ਸਕਦਾ ਹੈ। ਪਹੇਲੀ ਜਾਣਨਾ ਚਾਹੁੰਦੀ ਹੈ ਕਿ ਇਸ ਯੰਤਰ ਦਾ ਕੀ ਨਾਂ ਹੈ? ਸਹੀ ਉੱਤਰ ਚੁਣ ਕੇ ਪਹੇਲੀ ਦੀ ਮੱਦਦ ਕਰੋ।**

(ੳ) ਟੈਲੀਸਕੋਪ (ਅ) ਪੈਰੀਸਕੋਪ (ੲ) ਮਾਈਕ੍ਰੋਸਕੋਪ **(✓)** (ਸ) ਕਲੀਡੀਓਸਕੋਪ

2. ਰੀਨਾ ਜਾਣਨਾ ਚਾਹੁੰਦੀ ਹੈ ਕਿ ਸੂਖਮਜੀਵ ਸਾਡੇ ਮਿੱਤਰ ਹਨ ਜਾਂ ਕਿ ਦੁਸ਼ਮਣ? ਸਹੀ ਉੱਤਰ ਚੁਣਨ ਵਿੱਚ ਉਸ ਦੀ ਮੱਦਦ ਕਰੋ।

(ੳ) ਮਿੱਤਰ (ਅ) ਮਿੱਤਰ ਅਤੇ ਦੁਸ਼ਮਣ ਦੋਵੇਂ**(✓)** (ੲ) ਦੁਸ਼ਮਣ (ਸ) ਨਾ ਹੀ ਮਿੱਤਰ ਅਤੇ ਨਾ ਹੀ ਦੁਸ਼ਮਣ

3. ਜੋ ਦਹੀਂ ਅਸੀ ਖਾਂਦੇ ਹਾਂ ਉਸ ਵਿੱਚ ਬਹੁਤ ਸਾਰੇ ਜੀਵਾਣੂ ਹੁੰਦੇ ਹਨ। ਉਹ ਕਿਹੜਾ ਜੀਵਾਣੂ ਹੈ ਜੋ ਦੁੱਧ ਤੋਂ ਦਹੀਂ ਬਣਾਉਣ ਵਿੱਚ ਮਦਦ ਕਰਦਾ ਹੈ?

(ੳ) ਰਾਈਜ਼ੋਬੀਅਮ (ਅ) ਲੈਕਟੋਬੈਸੀਲਸ **(✓)** (ੲ) ਬੈਸੀਲਸ ਐਨਥਰਾਸਿਸ (ਸ) ਇਹ ਸਾਰੇ

4. ਪੈਕਟਾਂ ਵਿੱਚ ਉਪਲਬਧ ਦੁੱਧ ਲੰਬੇ ਸਮੇਂ ਤੱਕ ਖਰਾਬ ਨਹੀਂ ਹੁੰਦਾ, ਅਜਿਹਾ ਕਿਉਂ?

(ੳ) ਪੈਕਟ ਵਿੱਚ ਹੋਣ ਕਾਰਨ (ਅ) ਵਧੀਆ ਦੁੱਧ ਹੋਣ ਕਾਰਨ

(ੲ) ਸਹੀ ਫੈਟ ਹੋਣ ਕਾਰਨ (ਸ) ਪਾਸਚਰੀਕ੍ਰਿਤ ਹੋਣ ਕਾਰਨ **(✓)**

5. ਖਮੀਰ ਦੀ ਵਰਤੋਂ ਹੇਠ ਲਿਖਿਆਂ ਵਿੱਚੋਂ ਕਿਸ ਦੀ ਤਿਆਰੀ ਲਈ ਕੀਤੀ ਜਾਂਦੀ ਹੈ?

(ੳ) ਚੀਨੀ (ਖੰਡ) (ਅ) ਸ਼ਰਾਬ **(✓)** (ੲ) ਹਾਈਡ੍ਰੋਕਲੋਰਿਕ ਐਸਿਡ (ਸ) ਆਕਸੀਜਨ

6. ਹੇਠ ਲਿਖਿਆਂ ਵਿੱਚੋਂ ਕਿਹੜੀ ਪ੍ਰਤੀਜੈਵਿਕ ਦਵਾਈ ਹੈ?

(ੳ) ਸੋਡੀਅਮ ਬਾਈ ਕਾਰਬੋਨੇਟ (ਅ) ਸਟਰੈਪਟੋਮਾਈਸੀਨ **(✓)** (ੲ) ਅਲਕੋਹਲ(ਸ਼ਰਾਬ) (ਸ) ਖਮੀਰ

7. ਮਲੇਰੀਆ ਫੈਲਾਉਣ ਵਾਲੇ ਪ੍ਰੋਟੋਜ਼ੋਆ ਦਾ ਵਾਹਕ ਹੈ।

(ੳ) ਮਾਦਾ ਐਨਾਫਲੀਜ਼ ਮੱਛਰ **(✓)** (ਅ) ਕਾਕਰੋਚ (ੲ) ਘਰੇਲੂ ਮੱਖੀ (ਸ) ਤਿੱਤਲੀ

GSSS MACHHIKE (MOGA)

8. ਹੇਠ ਲਿਖਿਆਂ ਵਿੱਚੋ ਛੂਤ ਦੇ ਰੋਗਾਂ ਦਾ ਆਮ ਵਾਹਕ ਕਿਹੜਾ ਹੈ?

(ੳ) ਕੀੜੀ (ਅ)ਘਰੇਲੂ ਮੱਖੀ **(✓)** (ੲ) ਪਤੰਗਾ (ਸ) ਮੱਕੜੀ

9. ਸੰਜੀਵ ਦੇ ਮਾਤਾ ਜੀ ਭਟੂਰੇ ਬਣਾਉਣ ਦੀ ਤਿਆਰੀ ਕਰ ਰਹੇ ਹਨ। ਉਹਨਾਂ ਨੇ ਮੈਦੇ ਵਿੱਚ ਥੋੜਾ ਜਿਹਾਖਮੀਰ ਪਾਊਡਰ ਮਿਲਾ ਕੇ ਉਸਨੂੰ ਕੋਸੇ ਪਾਣੀ ਨਾਲ ਗੁੰਨ ਲਿਆ ਹੈ।ਗੁੰਨ੍ਹਿਆ ਹੋਇਆ ਮੈਦਾ ਕੁੱਝ ਦੇਰ ਬਾਅਦ ਫੁੱਲ ਗਿਆ।ਇਸਦਾ ਕੀ ਕਾਰਨ ਹੈ ?

(ੳ) ਤਾਪ (ਅ) ਪੀਸਣ ਕਰਕੇ (ੲ) ਖਮੀਰ ਸੈਲਾਂ ਦਾ ਵਾਧਾ **(✓)** (ਸ) ਗੁੰਨ੍ਹਣ ਕਰਕੇ

10. ਖੰਡ ਦੇ ਅਲਕੋਹਲ (ਸ਼ਰਾਬ) ਵਿੱਚ ਬਦਲਣ ਦੀ ਕਿਰਿਆ ਨੂੰ ਕਹਿੰਦੇ ਹਨ।

(ੳ) ਨਾਈਟ੍ਰੋਜਨ ਦਾ ਸਥਿਰੀਕਰਨ (ਅ) ਪਰਿਰੱਖਿਅਣ (ੲ) ਖਮੀਰਨ ਕਿਰਿਆ**(✓)** (ਸ) ਪਾਸਚੀਕਰਨ

11. ਕਾਲਮ(ੳ) ਵਿੱਚਲੇ ਜੀਵ ਅਤੇ ਕਾਲਮ(ਅ) ਵਿਚਲੀ ਕਿਰਿਆ ਦਾ ਸਹੀ ਮਿਲਾਨ ਕਰੋ।

(ੳ)	**(ਅ)**
(1) ਜੀਵਾਣ	(ੳ) ਨਾਈਟ੍ਰੋਜਨ ਦਾ ਸਥਿਰੀਕਰਨ
(2) ਰਾਈਜ਼ੋਬੀਅਮ	(ਅ) ਮਲੇਰੀਆ ਫੈਲਣ ਦਾ ਕਾਰਨ
(3) ਵਿਸ਼ਾਣੂ	(ੲ) ਹੈਜ਼ਾ ਫੈਲਣ ਦਾ ਕਾਰਨ
(4) ਪ੍ਰਟੋਜ਼ੋਆ	(ਸ) ਏਡਜ਼ ਫੈਲਣ ਦਾ ਕਾਰਨ

12. ਰਾਹੁਲ ਛੱਪੜ ਦੇ ਪਾਣੀ ਦੀਆਂ ਕੁੱਝ ਬੂੰਦਾਂ ਨੂੰ ਕੱਚ ਦੀ ਸਲਾਈਡ ਉੱਤੇ ਫੈਲਾ ਕੇ ਸੂਖਮਦਰਸ਼ੀ ਵਿੱਚੋਂ ਵੇਖਣਦੀ ਤਿਆਰੀ ਕਰ ਰਿਹਾ ਹੈ।ਤੁਹਾਡੀ ਜਾਣਕਾਰੀ ਅਨੁਸਾਰ ਉਸਨੂੰ ਕਿਹੜੇ-ਕਿਹੜੇ ਸੂਖਮਜੀਵ ਵਿਖਾਈ ਦੇਸਕਦੇ ਹਨ?

(ੳ) ਅਮੀਬਾ (ਅ) ਪੈਰਾਮੀਸ਼ੀਅਮ (ੲ) ਸਪਾਇਰੋਗਾਇਰਾ (ਸ) ਇਹ ਸਾਰੇ **(✓)**

13. ਅਸੀਂ ਆਪਣੇ ਘਰਾਂ ਵਿੱਚ ਭੋਜਨ ਪਦਾਰਥਾਂ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਕਿਵੇਂ ਰੱਖ ਸਕਦੇ ਹਾਂ?

(ੳ) ਅਚਾਰ ਬਣਾ ਕੇ (ਅ) ਮੁਰੱਬਾ ਬਣਾ ਕੇ

(ੲ) ਭੋਜਨ ਪਦਾਰਥਾਂ ਨੂੰ ਫਰਿਜ ਵਿੱਚ ਰੱਖ ਕੇ (ਸ) ਇਹਨਾਂ ਸਾਰੇ ਢੰਗਾਂ ਦੁਆਰਾ **(✓)**

14. ਹੇਠ ਲਿਖਿਆਂ ਵਿੱਚੋਂ ਕਿਹੜਾ ਸੂਖਮਜੀਵ ਆਪਣੇ ਮੇਜ਼ਬਾਨ ਜੀਵ ਦੇ ਸੈੱਲਾਂ ਅੰਦਰ ਪਹੁੰਚ ਕੇ ਹੀ ਜਣਨ ਕਿਰਿਆ ਕਰਦਾ ਹੈ?

(ੳ) ਜੀਵਾਣੂ (ਅ) ਕਾਈ (ੲ) ਵਿਸ਼ਾਣੂ **(✓)** (ਸ) ਉੱਲੀ

15. ਚੇਚਕ ਦੀ ਰੋਕਥਾਮ ਲਈ ਟੀਕੇ ਦੀ ਖੋਜ਼ ਕਿਸ ਨੇ ਕੀਤੀ?

(ੳ) ਲੂਈਸ ਪਾਸਚਰ (ਅ) ਅਲੈਂਗਜੈਂਡਰ ਫਲੈਮਿੰਗ (ੲ) ਐਡਵਰਡ ਜੀਨਰ **(✓)** (ਸ) ਰਾਬਰਟ ਕੋਚ

16. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਕੁਦਰਤੀ ਵਰਤਾਰਾ ਨਾਈਟ੍ਰੋਜਨ ਦੇ ਸਥਿਰੀਕਰਨ ਵਿੱਚ ਮੱਦਦ ਕਰਦਾ ਹੈ?

(ੳ) ਸਮੁੰਦਰੀ ਤੂਫਾਨ (ਅ) ਆਕਾਸ਼ੀ ਬਿਜਲੀ **(✓)** (ੲ)ਭੂਚਾਲ (ਸ) ਹੜ੍ਹ

17. ਭੋਜਨ ਪਦਾਰਥਾਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਵਰਤੇ ਜਾਂਦੇ ਰਸਾਇਣਿਕਾਂ ਨੂੰ ਕੀ ਕਿਹਾਜਾਂਦਾ ਹੈ?

(ੳ) ਵਾਹਕ (ਅ) ਪ੍ਰਤੀਪਿੰਡ (ੲ) ਪ੍ਰਤੀਜੈਵਿਕ (ਸ) ਪਰਿਰੱਖਿਅਕ **(✓)**

18. ਕਣਕ ਦੀ ਕੁੰਗੀ ਕਿਸ ਸੂਖਮਜੀਵ ਦੇ ਕਾਰਣ ਪੈਦਾ ਹੁੰਦੀ ਹੈ?

GSSS MACHHIKE (MOGA)

(ੳ) ਜੀਵਾਣੂ (ਅ) ਵਿਸ਼ਾਣੂ (ੲ) ਉੱਲੀ **(✓)** (ਸ) ਕੋਈ ਨਹੀਂ

19. ਸੰਤੋਸ਼ ਆਪਣੇ ਟੀ.ਵੀ. ਤੇ ਇੱਕ ਇਸ਼ਤਿਹਾਰ ਵੇਖਦੀ ਹੈ ਜਿਸ ਵਿੱਚ ਇੱਕ ਖਾਸ ਦਿਨ ਇੱਕ ਤੋਂ ਪੰਜ ਸਾਲ ਦੇਹਰ ਬੱਚੇ ਨੂੰ ਹਰ ਹਾਲਤ ਵਿੱਚ "ਜ਼ਿੰਦਗੀ ਦੀਆਂ ਦੋ ਬੂੰਦਾਂ" ਪਿਲਾਉਣ ਦੀ ਸਲਾਹ ਦਿੱਤੀ ਜਾਂਦੀ ਹੈ ।ਇਹ ਬੂੰਦਾਂਕਿਸ ਰੋਗ ਤੋਂ ਬੱਚੇ ਦੀ ਸੁਰੱਖਿਆ ਕਰਦੀਆਂ ਹਨ?

(ੳ) ਹੈਜ਼ਾ (ਅ) ਟੀ.ਬੀ. (ੲ) ਪੋਲੀਓ **(✓)** (ਸ) ਡੇਂਗੂ

20. ਹੇਠਾਂ ਲਿਖਿਆਂ ਵਿੱਚੋਂ ਡੇਂਗੂ ਵਿਸ਼ਾਣੂ ਦੇ ਵਾਹਕ ਦਾ ਕੰਮ ਕੌਣ ਕਰਦਾ ਹੈ?

(ੳ) ਘਰੇਲੂ ਮੱਖੀ (ਅ) ਮਾਦਾ ਐਨਾਫਲੀਜ਼ ਮੱਛਰ (ੲ) ਮਾਦਾ ਏਡੀਜ਼ ਮੱਛਰ **(✓)** (ਸ) ਤਿੱਤਲੀ

21. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਲਾਗ ਦਾ ਰੋਗ ਨਹੀਂ ਹੈ?

(ੳ) ਟੀ.ਬੀ. (ਅ) ਜ਼ੁਕਾਮ (ੲ) ਮਲੇਰੀਆ **(✓)** (ਸ) ਚਿਕਨ ਪਾਕਸ

22. ਅਧਿਆਪਕ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪੈਕਟ ਵਾਲੇ ਦੁੱਧ ਨੂੰ ਪਹਿਲਾਂ ਉੱਪਰ 15 ਤੋਂ 30ਸੈਕਿੰਡ ਤੱਕ ਗਰਮ ਕੀਤਾ ਜਾਂਦਾ ਹੈ ਅਤੇ ਫਿਰ ਇੱਕ ਦਮ ਠੰਡਾ ਕਰਕੇ ਸਟੋਰ ਕੀਤਾ ਗਿਆ ਹੁੰਦਾ ਹੈ।ਇਸ ਤਰ੍ਹਾਂ ਕਿਉਂ ਕੀਤਾ ਜਾਂਦਾ ਹੈ ?

(ੳ) ਸਵਾਦ ਵਧਾਉਣ ਲਈ (ਅ) ਸ਼ੁੱਧੀਕਰਨ ਕਰਨ ਲਈ

(ੲ)ਸੂਖਮਜੀਵਾਂ ਦਾ ਵਾਧਾ ਰੋਕਣ ਲਈ **(✓)** (ਸ) ਫੈਟ ਵਧਾਉਣ ਲਈ

23. ਹੇਠ ਲਿਖਿਆਂ ਵਿੱਚੋ ਕਿਸ ਵਿੱਚ ਕਲੋਰੋਫਿਲ ਮੌਜੂਦ ਹੁੰਦੀ ਹੈ ਅਤੇ ਪ੍ਰਕਾਸ਼ ਸੰਸ਼ਲੇਸ਼ਣ ਦੀ ਕਿਰਿਆ ਕਰਦਾ ਹੈ?

(ੳ)ਪ੍ਰੋਟੋਜੋਆ (ਅ)ਨੀਲੀ-ਹਰੀ ਕਾਈ **(✓)** (ੲ) ਅਮੀਬਾ (ਸ) ਉਪਰੋਕਤ ਸਾਰੇ

24. ਨਮਕ ਅਤੇ ਖਾਣ ਵਾਲਾ ਤੇਲ ਆਮ ਤੌਰ ਤੇ ਪਰਿਰੱਖਿਅਕ ਦੇ ਤੌਰ ਤੇ ਵਰਤੇ ਜਾਂਦੇ ਹਨ, ਪਰ ਜੈਮ ਅਤੇ ਸਕੁਐਸ਼ਾ ਨੂੰ ਸੁਰੱਖਿਅਤ ਰਖਣ ਲਈ ਹੇਠ ਲਿਖਿਆਂ ਵਿੱਚੋ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?

(ੳ) ਖੰਡ (ਅ) ਸੋਡੀਅਮ ਮੈਟਾਬਾਈਸਲਫੇਟ (ੲ) ਸੋਡੀਅਮ ਬੈਂਜ਼ੋਏਟ (ਸ) ਇਹ ਸਾਰੇ **(✓)**

25. ਸੁਮਨ ਨੂੰ ਜੁਕਾਮ ਹੋਇਆ ਹੈ ਅਤੇ ਉਸ ਦਾ ਭਰਾ ਉਸ ਦੇ ਨੇੜੇ ਬੈਠਾ ਹੈ।ਉਸ ਦੀ ਮਾਤਾ ਉਸ ਨੂੰ ਆਪਣੀ ਭੈਣ ਤੋਂ ਦੂਰ ਬੈਠਣ ਲਈ ਕਹਿਦੀ ਹੈ।ਇਸ ਦਾ ਕੀ ਕਾਰਣ ਹੈ?

(ੳ)ਕਿਉਕਿ ਸੁਮਨ ਪਰੇਸ਼ਾਨ ਹੈ (ਅ)ਕਿਉਕਿ ਜੁਕਾਮ ਲਾਗ ਦਾ ਰੋਗ ਹੈ **(✓)**

(ੲ)ਜੁਕਾਮ ਇੱਕ ਬਹੁਤ ਹੀ ਖਤਰਨਾਕ ਰੋਗ ਹੈ (ਸ) ਇਹ ਸਾਰੇ

GSS MACHHIKE (MOGA)

ਅਧਿਆਇ-7 ਪੌਦਿਆਂ ਅਤੇ ਜੰਤੂਆਂ ਦਾ ਸੁਰੱਖਿਅਣ

ਪ੍ਰਸ਼ਨ 1- ਖ਼ਾਲੀ ਥਾਵਾਂ ਭਰੋ-

(ਚ) ਉਹ ਖੇਤਰ ਜਿੱਥੇ ਜਾਨਵਰਾਂ ਨੂੰ ਉਨ੍ਹਾਂ ਦੇ ਕੁਦਰਤੀ ਆਵਾਸ ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ, ਨੂੰ **ਜੰਗਲੀ-ਜੀਵਨ ਰੱਖਾਂ** ਕਹਿੰਦੇ ਹਨ।

(ਛ) ਉਹ ਪ੍ਰਜਾਤੀਆਂ ਜੋ ਕਿਸੇ ਵਿਸ਼ੇਸ਼ ਖੇਤਰ ਵਿੱਚ ਹੀ ਪਾਈਆਂ ਜਾਂਦੀਆਂ ਹਨ, **ਖਾਸ ਸਥਾਨਕ ਪ੍ਰਜਾਤੀਆਂ (ਦੁਰਲੱਭ ਪ੍ਰਜਾਤੀਆਂ)** ਨੂੰ ਕਹਿੰਦੇ ਹਨ।

(ਝ) ਪ੍ਰਵਾਸੀ ਪੰਛੀ ਆਪਣੇ ਕੁਦਰਤੀ ਆਵਾਸ ਸਥਾਨਾਂ ਤੋਂ **ਜਲਵਾਯੂ** ਵਿੱਚ ਪਰਿਵਰਤਨ ਦੇ ਕਾਰਨ ਦੂਰ-ਦੁਰੇਡੇ ਸਥਾਨਾਂ ਵੱਲ ਪ੍ਰਵਾਸ ਕਰਦੇ ਹਨ।

ਪ੍ਰਸ਼ਨ 2- ਹੇਠ ਲਿਖਿਆਂ ਵਿੱਚ ਅੰਤਰ ਸਪੱਸ਼ਟ ਕਰੋ।

(ੳ) ਜੰਗਲੀ ਜੀਵਨ ਰੱਖਾਂ ਅਤੇ ਜੀਵ-ਮੰਡਲ ਰੀਜ਼ਰਵ

(ਅ) ਚਿੜੀਆਘਰ ਅਤੇ ਜੰਗਲੀ-ਜੀਵਨ ਰੱਖਾਂ

(ੲ) ਸੰਕਟਕਾਲੀਨ ਪ੍ਰਜਾਤੀਆਂ ਤੇ ਅਲੋਪ ਹੋ ਚੁੱਕੀਆਂ ਪ੍ਰਜਾਤੀਆਂ

(ਸ) ਪੌਦਾ ਜਗਤ ਅਤੇ ਪ੍ਰਾਣੀ ਜਗਤ (ਬਨਸਪਤੀ ਜਗਤ ਅਤੇ ਜੰਤੂ ਜਗਤ)

ਉੱਤਰ- (ੳ)

ਜੰਗਲੀ ਜੀਵਨ ਰੱਖਾਂ	ਜੀਵ-ਮੰਡਲ ਰੀਜ਼ਰਵ
1-ਉਹ ਖੇਤਰ ਜਿੱਥੇ ਕੇਵਲ ਜਾਨਵਰਾਂ ਨੂੰ ਉਨ੍ਹਾਂ ਦੇ ਕੁਦਰਤੀ ਆਵਾਸ ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ, ਨੂੰ ਜੰਗਲੀ-ਜੀਵਨ ਰੱਖਾਂ ਕਹਿੰਦੇ ਹਨ।	1-ਉਹ ਖੇਤਰ ਜਿੱਥੇ ਜੰਗਲੀ ਜੀਵ ਅਤੇ ਪੌਦਿਆਂ ਨੂੰ ਕੁਦਰਤੀ ਆਵਾਸ ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ।
2-ਜੰਗਲੀ ਜੀਵਨ ਰੱਖਾਂਜੀਵ ਮੰਡਲ ਰੀਜ਼ਰਵ ਦਾ ਹਿੱਸਾ ਹੋ ਸਕਦੀਆਂ ਹਨ।	2-ਜੀਵ ਮੰਡਲ ਰੀਜ਼ਰਵ ਇੱਕ ਵਿਸ਼ਾਲ ਖੇਤਰ ਹੁੰਦਾ ਹੈ।

(ਅ)

ਚਿੜੀਆਘਰ	ਜੰਗਲੀ-ਜੀਵਨ ਰੱਖਾਂ
ਚਿੜੀਆਘਰ ਉਹ ਖੇਤਰ ਹੁੰਦੇ ਹਨ, ਜਿੱਥੇ ਜੰਗਲੀ ਜੀਵਾਂ ਨੂੰ ਲੋਕਾਂ ਦੇ ਮਨੋਰੰਜਨ ਲਈ ਬਣਾਉਟੀ ਆਵਾਸ ਵਿੱਚ ਰੱਖਿਆ ਜਾਂਦਾ ਹੈ।	ਉਹ ਖੇਤਰ ਜਿੱਥੇ ਕੇਵਲ ਜਾਨਵਰਾਂ ਨੂੰ ਉਨ੍ਹਾਂ ਦੇ ਕੁਦਰਤੀ ਆਵਾਸ ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ, ਨੂੰ ਜੰਗਲੀ-ਜੀਵਨ ਰੱਖਾਂ ਕਹਿੰਦੇ ਹਨ।

(ੲ)

ਸੰਕਟਕਾਲੀਨ ਪ੍ਰਜਾਤੀਆਂ	ਅਲੋਪ ਹੋ ਚੁੱਕੀਆਂ ਪ੍ਰਜਾਤੀਆਂ
1.ਇਹ ਉਹ ਪ੍ਰਜਾਤੀਆਂ ਹਨ ਜੋ ਭਵਿੱਖ ਵਿੱਚ ਖਤਮ ਹੋ ਸਕਦੀਆਂ ਹਨ।	1.ਇਹ ਉਹ ਪ੍ਰਜਾਤੀਆਂ ਹਨ ਜਿੰਨ੍ਹਾਂ ਦੀ ਹੋਂਦ ਧਰਤੀ ਤੋਂ ਖਤਮ ਹੋ ਚੁੱਕੀ ਹੈ।
2.ਉਦਾਹਰਣ ਵਜੋਂ ਬਾਘ।	2.ਉਦਾਹਰਣ ਵਜੋਂ ਡਾਇਨਾਸੋਰ।

GSS MACHHIKE (MOGA)

(ਸ)

ਪੌਦਾ ਜਗਤ	**ਪ੍ਰਾਣੀ ਜਗਤ**
1.ਕਿਸੇ ਭੂਗੋਲਿਕ ਖੇਤਰ ਦੇ ਸਾਰੇ ਪੌਦੇ ਪੌਦਾ ਜਗਤ ਬਣਾਉਂਦੇ ਹਨ।	1.ਕਿਸੇ ਭੂਗੋਲਿਕ ਖੇਤਰ ਦੇ ਸਾਰੇ ਜੰਤੂ ਸਮੇਤ ਮਨੁੱਖ ਪ੍ਰਾਣੀ ਜਗਤ ਬਣਾਉਂਦੇ ਹਨ।
2.ਉਦਾਹਰਣ ਵਜੋਂ ਅੰਬ, ਬੋਹੜ ਆਦਿ।	2.ਉਦਾਹਰਣ ਵਜੋਂ ਮਨੁੱਖ, ਬਿੱਲੀ, ਸ਼ੇਰ ਆਦਿ।

ਪ੍ਰਸ਼ਨ 3– ਜੰਗਲਾਂ ਦੀ ਕਟਾਈ ਦੇ ਕਾਰਨ ਹੇਠ ਲਿਖਿਆਂ ਤੇ ਕੀ ਪ੍ਰਭਾਵ ਪੈਂਦਾ ਹੈ? ਵਿਚਾਰ–ਵਟਾਂਦਰਾ ਕਰੋ।

(ੳ) ਜੰਗਲੀ ਜੀਵਨ–ਜੰਗਲਾਂ ਦੀ ਕਟਾਈ ਕਾਰਨ ਜੰਗਲੀ ਜੀਵਾਂ ਦੇ ਆਵਾਸ ਸਥਾਨ ਖਤਮ ਹੋ ਜਾਣਗੇ ਅਤੇ ਉਹਨਾਂ ਦੀ ਮੌਤ ਹੋਣੀ ਸ਼ੁਰੂ ਹੋ ਜਾਵੇਗੀ।

(ਅ) ਵਾਤਾਵਰਨ– ਜੰਗਲਾਂ ਦੀ ਕਟਾਈ ਕਾਰਨ ਵਾਤਾਵਰਨ ਦਾ ਸੰਤੁਲਨ ਵਿਗੜ ਜਾਵੇਗਾ, ਗਰਮੀ ਵਧ ਜਾਵੇਗੀ, ਵਰਖਾ ਘਟ ਜਾਵੇਗੀ, ਭੌਂ–ਖੋਰ ਵਧ ਜਾਵੇਗਾ ਅਤੇ ਆਕਸੀਜਨ ਦਾ ਪੱਧਰ ਘਟ ਜਾਵੇਗਾ।

(ੲ) ਪੇਂਡੂ ਖੇਤਰ– ਪੇਂਡੂ ਖੇਤਰ ਜੰਗਲਾਂ ਦੇ ਨੇੜੇ ਹੋਣ ਕਾਰਨ ਜੰਗਲਾਂ ਦੀ ਕਟਾਈ ਨਾਲ ਜਾਨਵਰ ਪਿੰਡਾਂ ਵਿੱਚ ਜਾ ਕੇ ਨੁਕਸਾਨ ਕਰ ਸਕਦੇ ਹਨ।ਇਸ ਤੋਂ ਇਲਾਵਾ ਜੰਗਲਾਂ ਦੀ ਕਟਾਈ ਨਾਲ ਪੇਂਡੂ ਖੇਤਰਾਂ ਵਿੱਚ ਭੋਜਨ, ਬਾਲਣ ਅਤੇ ਲੱਕੜੀ ਅਦਿ ਦੀ ਕਮੀ ਆ ਜਾਵੇਗੀ।

(ਸ) ਸ਼ਹਿਰੀ ਖੇਤਰ– ਜੰਗਲਾ ਦੀ ਕਟਾਈ ਨਾਲ ਜਲਵਾਯੂ ਖਰਾਬ ਹੋ ਜਾਵੇਗਾ ਅਤੇ ਕੁਦਰਤੀ ਆਫਤਾਂ ਵਧਣ ਨਾਲ ਸ਼ਹਿਰੀ ਖੇਤਰ ਵੀ ਪ੍ਰਭਾਵਿਤ ਹੋਣਗੇ।

(ਹ) ਧਰਤੀ– ਜੰਗਲਾਂ ਦੀ ਕਟਾਈ ਨਾਲ ਧਰਤੀ ਦਾ ਤਾਪਮਾਨ ਵਧ ਜਾਵੇਗਾ, ਧਰਤੀ ਮਾਰੂਥਲ ਬਣ ਜਾਵੇਗੀ।

(ਕ) ਅਗਲੀ ਪੀੜ੍ਹੀ– ਜੰਗਲਾਂ ਦੀ ਕਟਾਈ ਕਾਰਨ ਅਗਲੀ ਪੀੜ੍ਹੀ ਨੂੰ ਸਾਫ ਅਤੇ ਸਹੀ ਵਾਤਾਵਰਨ ਨਹੀਂ ਮਿਲੇਗਾ।

ਪ੍ਰਸ਼ਨ 4– ਕੀ ਹੋਵੇਗਾ ਜੇ–

(ੳ) ਅਸੀਂ ਦਰੱਖਤਾਂ ਦੀ ਕਟਾਈ ਕਰਦੇ ਰਹੇ।

ਉੱਤਰ- 1) ਦਰੱਖਤਾਂ ਦੀ ਕਟਾਈ ਕਾਰਨ ਜੰਗਲੀ ਜੀਵਾਂ ਦੇ ਆਵਾਸ ਸਥਾਨ ਖਤਮ ਹੋ ਜਾਣਗੇ।

2) ਦਰੱਖਤਾਂ ਦੀ ਕਟਾਈ ਕਾਰਨ ਵਾਤਾਵਰਨ ਦਾ ਸੰਤੁਲਨ ਵਿਗੜ ਜਾਵੇਗਾ।

3) ਗਰਮੀ ਵਧ ਜਾਵੇਗੀ।

4) ਵਰਖਾ ਘਟ ਜਾਵੇਗੀ।

5) ਭੌਂ–ਖੋਰ ਵਧ ਜਾਵੇਗਾ।

6) ਆਕਸੀਜਨ ਦਾ ਪੱਧਰ ਘਟ ਜਾਵੇਗਾ।

7) ਕੁਦਰਤੀ ਆਫਤਾਂ ਜਿਵੇਂ ਹੜ੍ਹ, ਸੋਕਾ ਆਦਿ ਵਧ ਜਾਣਗੇ।

(ਅ) ਕਿਸੇ ਜੰਤੂ ਦਾ ਆਵਾਸ (ਨਿਵਾਸ ਸਥਾਨ) ਨਸ਼ਟ ਹੋ ਜਾਵੇ।

ਉੱਤਰ- ਆਵਾਸ ਸਥਾਨ ਨਸ਼ਟ ਹੋਣ ਨਾਲ ਜੰਤੂ ਬੇਘਰ ਹੋ ਕੇ ਮਰਨ ਲੱਗ ਜਾਣਗੇ। ਕੁੱਝ ਜੰਤੂਆਂ ਦੀਆਂ ਪ੍ਰਜਾਤੀਆਂ ਖਤਮ ਹੋ ਸਕਦੀਆ ਹਨ।

(ੲ) ਮਿੱਟੀ ਦੀ ਉੱਪਰਲੀ ਪਰਤ ਨੰਗੀ ਹੋ ਜਾਵੇ।

GSS MACHHIKE (MOGA)

ਉੱਤਰ- ਮਿੱਟੀ ਦੀ ਉਪਰਲੀ ਪਰਤ ਨੰਗੀ ਹੋਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟ ਜਾਵੇਗੀ।ਮਿੱਟੀ ਵਿਚਲੇ ਮਿੱਤਰ ਸੂਖਮਜੀਵ ਮਰ ਜਾਣਗੇ ਅਤੇ ਮਿੱਟੀ ਵਿੱਚ ਨਮੀਂ ਦੀ ਮਾਤਰਾ ਘਟ ਜਾਵੇਗੀ।

ਪ੍ਰਸ਼ਨ 5- ਸੰਖੇਪ ਵਿੱਚ ਉੱਤਰ ਲਿਖੋ।

(ੳ) ਸਾਨੂੰ ਜੈਵ ਵਿਭਿੰਨਤਾ ਦਾ ਸੁਰੱਖਿਅਣ ਕਿਉਂ ਕਰਨਾ ਚਾਹੀਦਾ ਹੈ?

ਉੱਤਰ- ਕਿਉਂਕਿ ਜੈਵ ਵਿਭਿੰਨਤਾ ਪ੍ਰਸਥਿਤਿਕ ਸੰਤੁਲਨ ਬਣਾਉਂਦੀ ਹੈ ਅਤੇ ਇਹ ਕਵੀਆਂ ਅਤੇ ਆਰਟਿਸਟਾਂ ਲਈ ਪ੍ਰੇਰਣਾ ਸ੍ਰੋਤ ਹੈ।

(ਅ)- ਸੁਰੱਖਿਅਤ ਕੀਤੇ ਜੰਗਲ ਵੀ ਜੰਗਲੀ ਜੀਵਾਂ ਲਈ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹਨ।ਕਿਉਂ?

ਉੱਤਰ- ਕਿਉਂਕਿ ਜੰਗਲਾਂ ਵਿੱਚ ਸ਼ਿਕਾਰੀ ਜੰਤੂਆ ਦਾ ਸ਼ਿਕਾਰ ਕਰਦੇ ਹਨ।

(ੲ) ਕੁੱਝ ਆਦਿ ਵਾਸੀ ਵਣਾਂ (ਜੰਗਲਾਂ) ਉੱਪਰ ਨਿਰਭਰ ਕਰਦੇ ਹਨ।ਕਿਵੇਂ?

ਉੱਤਰ- ਕੁੱਝ ਆਦਿ ਵਾਸੀ ਭੋਜਣ,ਕੱਪੜੇ, ਆਵਾਸ ਅਤੇ ਹੋਰ ਜਰੁਰਤਾ ਲਈ ਜੰਗਲਾਂ ਉੱਪਰ ਨਿਰਭਰ ਕਰਦੇ ਹਨ।

(ਸ) ਜੰਗਲਾਂ ਦੀ ਕਟਾਈ ਦੇ ਕਾਰਨ ਅਤੇ ਪ੍ਰਭਾਵ ਲਿਖੋ।

ਉੱਤਰ- **ਜੰਗਲਾਂ ਦੀ ਕਟਾਈ ਦੇ ਹੇਠ ਲਿਖੇ ਕਾਰਨ ਹਨ-**

1) ਇਮਾਰਤੀ ਲੱਕੜੀ ਦੀ ਪ੍ਰਾਪਤੀ ਲਈ।
2) ਸੜਕਾਂ ਅਤੇ ਡੈਮਾਂ ਦੇ ਨਿਰਮਾਣ ਲਈ।
3) ਖੇਤੀਬਾੜੀ ਯੋਗ ਖੇਤਰ ਵਧਾਉਣ ਲਈ।
4) ਸ਼ਹਿਰੀਕਰਨ ਅਤੇ ਉਦਯੋਗੀਕਰਨ ਲਈ।

ਜੰਗਲਾਂ ਦੀ ਕਟਾਈ ਦੇ ਪ੍ਰਭਾਵ-

1) ਜੰਗਲੀ ਜੀਵਾਂ ਦੇ ਆਵਾਸ ਸਥਾਨ ਖਤਮ ਹੋ ਜਾਣਗੇ।
2) ਵਾਤਾਵਰਨ ਦਾ ਸੰਤੁਲਨ ਵਿਗੜ ਜਾਵੇਗਾ।
3) ਗਰਮੀ ਵਧ ਜਾਵੇਗੀ।
4) ਵਰਖਾ ਘਟ ਜਾਵੇਗੀ।
5) ਭੌਂ-ਖੋਰ ਵਧ ਜਾਵੇਗਾ।
6) ਆਕਸੀਜਨ ਦਾ ਪੱਧਰ ਘਟ ਜਾਵੇਗਾ।
7) ਕੁਦਰਤੀ ਆਫਤਾਂ ਜਿਵੇਂ ਹੜ੍ਹ, ਸੋਕਾ ਆਦਿ ਵਧ ਜਾਣਗੇ।

(ਹ) ਰੈੱਡ ਡਾਟਾ ਬੁੱਕ ਕੀ ਹੈ?

ਉੱਤਰ- ਰੈੱਡ ਡਾਟਾ ਬੁੱਕ ਇੱਕ ਅਜਿਹੀ ਕਿਤਾਬ ਹੈ ਜਿਸ ਵਿੱਚ ਸਾਰੀਆਂ ਸੰਕਟਕਾਲੀਨ ਪ੍ਰਜਾਤੀਆਂ ਦਾ ਰਿਕਾਰਡ ਰੱਖਿਆ ਜਾਂਦਾ ਹੈ।

(ਕ) ਪ੍ਰਵਾਸ ਤੋਂ ਤੁਸੀਂ ਕੀ ਸਮਝਦੇ ਹੋ?

ਉੱਤਰ- ਪ੍ਰਵਾਸ ਇੱਕ ਅਜਿਹੀ ਪ੍ਰਤੱਖ ਘਟਨਾ ਹੈ ਜਿਸ ਵਿੱਚ ਕੁੱਝ ਪ੍ਰਜਾਤੀਆਂ ਆਪਣੇ ਕੁਦਰਤੀ ਆਵਾਸ ਨੂੰ ਛੱਡ ਕੇ ਕਿਸੇ ਹੋਰ ਆਵਾਸ ਵੱਲ ਹਰ ਸਾਲ ਕਿਸੇ ਵਿਸ਼ੇਸ਼ ਸਮਾਂ ਅਵਧੀ ਤੱਕ ਖਾਸ ਕਰਕੇ ਪ੍ਰਜਣਨ ਲਈ ਚਲੀਆਂ ਜਾਂਦੀਆਂ ਹਨ।

GSSS MACHHIKE (MOGA)

ਪ੍ਰਸ਼ਨ 6- ਫੈਕਟਰੀਆਂ ਅਤੇ ਇਮਾਰਤਾਂ ਵਿੱਚ ਲੱਕੜ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਹੋ ਰਹੀ ਹੈ। ਕੀ ਇਹਨਾਂ ਯੋਜਨਾਵਾਂ ਲਈ ਦਰੱਖਤਾਂ ਦੀ ਕਟਾਈ ਜਾਇਜ਼ ਹੈ?ਇਸ ਕਥਨ ਉੱਪਰ ਵਿਚਾਰ-ਚਰਚਾ ਕਰੋ ਅਤੇ ਸੰਖੇਪ ਵਿੱਚ ਰਿਪੋਰਟ ਤਿਆਰ ਕਰੋ।

ਉੱਤਰ- ਫੈਕਟਰੀਆਂ ਅਤੇ ਇਮਾਰਤਾਂ ਵਿੱਚ ਲੱਕੜ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਜਾਇਜ਼ ਨਹੀਂ ਹੈ ਕਿਉਂਕਿ ਇਸ ਦੇ ਹੇਠ ਲਿਖੇ ਬੁਰੇ ਪ੍ਰਭਾਵ ਹਨ-

1) ਜੰਗਲੀ ਜੀਵਾਂ ਦੇ ਆਵਾਸ ਸਥਾਨ ਖਤਮ ਹੋ ਜਾਣਗੇ।

2) ਵਾਤਾਵਰਨ ਦਾ ਸੰਤੁਲਨ ਵਿਗੜ ਜਾਵੇਗਾ।

3) ਗਰਮੀ ਵਧ ਜਾਵੇਗੀ।

4) ਵਰਖਾ ਘਟ ਜਾਵੇਗੀ।

5) ਭੌਂ-ਖੋਰ ਵਧ ਜਾਵੇਗਾ।

6) ਆਕਸੀਜਨ ਦਾ ਪੱਧਰ ਘਟ ਜਾਵੇਗਾ।

7) ਕੁਦਰਤੀ ਆਫਤਾਂ ਜਿਵੇਂ ਹੜ੍ਹ, ਸੋਕਾ ਆਦਿ ਵਧ ਜਾਣਗੇ।

ਪ੍ਰਸ਼ਨ 7- ਆਪਣੇ ਸਥਾਨਿਕ ਖੇਤਰ ਵਿੱਚ ਹਰਿਆਲੀ ਬਣਾਈ ਰੱਖਣ ਵਿੱਚ ਤੁਸੀਂ ਕੀ ਯੋਗਦਾਨ ਪਾ ਸਕਦੇ ਹੋ? ਆਪਣੇ ਦੁਆਰਾ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਦੀ ਸੂਚੀ ਬਣਾਓ।

ਉੱਤਰ- 1) ਸਾਨੂੰ ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ।

2) ਸਾਨੂੰ ਦਰੱਖਤਾਂ ਦੀ ਕਟਾਈ ਨਹੀਂ ਕਰਨੀ ਚਾਹੀਦੀ।

3) ਲੋਕਾਂ ਨੂੰ ਦਰੱਖਤਾਂ ਦੇ ਲਾਭ ਅਤੇ ਕਟਾਈ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।

ਪ੍ਰਸ਼ਨ 8- ਜੰਗਲਾਂ ਦੀ ਅੰਨ੍ਹੇਵਾਹ ਕਟਾਈ ਵਰਖਾ ਨੂੰ ਕਿਵੇਂ ਘਟਾਉਂਦੀ ਹੈ? ਵਿਸਥਾਰ ਸਹਿਤ ਵਰਣਨ ਕਰੋ।

ਉੱਤਰ- ਅਸੀਂ ਜਾਣਦੇ ਹਾਂ ਕਿ ਪੌਦੇ ਵਾਸ਼ਪੀਕਰਨ ਦੁਆਰਾ ਬੱਦਲ ਨਿਰਮਾਣ ਅਤੇ ਵਰਖਾ ਲਿਆਉਣ ਵਿੱਚ ਸਹਾਇਤਾ ਕਰਦੇ ਹਨ। ਇਸ ਲਈ ਜੰਗਲਾਂ ਦੀ ਕਟਾਈ ਨਾਲ ਵਰਖਾ ਵਿੱਚ ਕਮੀ ਆਵੇਗੀ।

ਪ੍ਰਸ਼ਨ 9- ਸਾਨੂੰ ਕਾਗਜ਼ ਦੀ ਬੱਚਤ ਕਿਉਂ ਕਰਨੀ ਚਾਹੀਦੀ ਹੈ? ਉਹਨਾਂ ਕਿਰਿਆਵਾਂ ਦੀ ਸੂਚੀ ਬਣਾਓ ਜਿੰਨ੍ਹਾਂ ਨਾਲ ਤੁਸੀਂ ਕਾਗਜ਼ ਦੀ ਬੱਚਤ ਕਰ ਸਕਦੇ ਹੋ।

ਉੱਤਰ- ਕਿਉਂਕਿ ਕਾਗਜ਼ ਦਰੱਖਤਾਂ ਦੀ ਪਲਪ ਤੋਂ ਤਿਆਰ ਕੀਤਾ ਜਾਂਦਾ ਹੈ।ਇਸ ਲਈ ਕਾਗਜ਼ ਬਣਾਉਣ ਲਈ ਦਰੱਖਤਾਂ ਦੀ ਕਟਾਈ ਕਰਨੀ ਪੈਂਦੀ ਹੈ। ਇਸ ਲਈ ਸਾਨੂੰ ਕਾਗਜ਼ ਦੀ ਬੱਚਤ ਕਰਨੀ ਚਾਹੀਦੀ ਹੈ। ਕਾਗਜ਼ ਦੀ ਬੱਚਤ ਲਈ ਸਾਨੂੰ ਹੇਠ ਲਿਖੇ ਕੰਮ ਕਰਨੇ ਚਾਹੀਦੇ ਹਨ-

1. ਰੱਦੀ ਕਾਗਜ਼ ਨੂੰ ਮੁੜ-ਉਤਪਾਦਨ ਲਈ ਫੈਕਟਰੀਆਂ ਵਿੱਚ ਭੇਜਣਾ ਚਾਹੀਦਾ ਹੈ।
2. ਰੱਦੀ ਕਾਗਜ਼ ਦੀ ਮੁੜ ਵਰਤੋਂ ਲਿਫ਼ਾਫੇ ਆਦਿ ਬਣਾਉਣ ਲਈ ਕਰਨੀ ਚਾਹੀਦੀ ਹੈ।
3. ਕਾਗਜ ਦੀ ਫ਼ਾਲਤੂ ਵਰਤੋਂ ਨਹੀਂ ਕਰਨੀ ਚਾਹੀਦੀ।

GSSS MACHHIKE (MOGA)

4. ਕਾਪੀਆਂ ਦੇ ਬਚੇ ਹੋਏ ਸਫ਼ਿਆਂ ਤੋਂ ਰਫ਼ ਕੰਮ ਲਈ ਕਾਪੀ ਬਣਾ ਲੈਣੀ ਚਾਹੀਦੀ ਹੈ।

ਪ੍ਰਸ਼ਨ 11– ਪਹੇਲੀ।

ਉੱਤਰ– ਉੱਪਰ ਤੋਂ ਹੇਠਾਂ ਵੱਲ

1. **ਅਲੋਪ ਹੋ ਚੁੱਕੀਆਂ ਪ੍ਰਜਾਤੀਆਂ ਦੀ ਸੂਚਨਾ ਦੇਣ ਵਾਲੀ ਪੁਸਤਕ–** ਰੈੱਡ ਡਾਟਾ ਬੁੱਕ
2. **ਪੌਦਿਆਂ, ਜੰਤੂਆਂ ਅਤੇ ਸੂਖਮਜੀਵਾਂ ਦੀਆਂ ਭਿੰਨ-ਭਿੰਨ ਕਿਸਮਾਂ ਅਤੇ ਵਿਭਿੰਨਤਾਵਾਂ ਦਾ ਸਮੂਹ–** ਜੈਵ ਵਿਭਿੰਨਤਾ

ਸੱਜੇ ਤੋਂ ਖੱਬੇ ਪਾਸੇ ਵੱਲ

2. **ਧਰਤੀ ਦਾ ਉਹ ਭਾਗ ਜਿਸ ਵਿੱਚ ਜੀਵ ਪਾਏ ਜਾਂਦੇ ਹਨ–** ਜੈਵ ਮੰਡਲ
3. **ਖਾਤਮੇ ਦੇ ਕੰਢੇ ਤੇ ਪ੍ਰਜਾਤੀਆਂ–** ਸੰਕਟਕਾਲੀਨ

ਇੱਕ ਨੰਬਰ ਵਾਲੇ ਬਹੁ-ਵਿਕਲਪੀ ਪ੍ਰਸ਼ਨ

1. ਆਂਚਲ ਅਤੇ ਸੁਮਨ ਆਪਣੇ ਅਧਿਆਪਕ ਨਾਲ ਹਰੀਕੇ ਪੱਤਨ ਵਿਖੇ ਘੁੰਮਣ ਗਏ ਅਤੇ ਉਹਨਾਂ ਨੇ ਉਸ ਸਥਾਨ ਵਿਖੇ ਸਫੇਦ ਰੰਗ ਦੇ ਬਗਲੇ ਵਰਗੇ ਪੰਛੀ ਵੇਖੇ ।ਜਿਸ ਤੇ ਆਂਚਲ ਨੇ ਆਪਣੇ ਅਧਿਆਪਕ ਤੋਂ ਇਹਨਾਂ ਪੰਛੀਆਂ ਬਾਰੇ ਪੁੱਛਿਆ ਤਾਂ ਅਧਿਆਪਕ ਨੇ ਉਹਨਾਂ ਪੰਛੀਆਂ ਬਾਰੇ ਕੀ ਦੱਸਿਆ ਹੋਵੇਗਾ :-

ੳ) ਸਥਾਨਕ ਪੰਛੀ ਅ) ਪਰਵਾਸੀ ਪੰਛੀ **(✓)** ੲ) ਖਤਰੇ ਦੀ ਕਗਾਰ ਤੇ ਪੰਛੀ ਸ) ਉਪਰੋਕਤ ਕੋਈ ਨਹੀ।

2. ਨਵੀਨ ਆਪਣੇ ਮਾਤਾ ਪਿਤਾ ਨਾਲ ਸਾਇੰਸ ਸਿਟੀ ਘੁੰਮਣ ਗਿਆ। ਉੱਥੇ ਉਸ ਨੇ ਬਾਘ ਦਾ ਢਾਂਚਾ ਵੇਖਿਆ। ਉਸ ਨੇ ਆਪਣੇ ਮਾਤਾ ਪਿਤਾ ਜੀ ਨੂੰ ਪੁੱਛਿਆ ਇਹ ਕਿਸ ਪ੍ਰਕਾਰ ਦੀ ਪ੍ਰਜਾਤੀ ਦਾ ਜੀਵ ਹੈ? ਉਸ ਦੇ ਪਿਤਾ ਨੇ ਦੱਸਿਆ ਕਿ :-

ੳ) ਸੰਕਟਕਾਲੀਨ ਪ੍ਰਜਾਤੀਆਂ **(✓)** ਅ) ਅਲੋਪ ਹੋ ਚੁੱਕੀਆਂ ਪ੍ਰਜਾਤੀਆਂ

ੲ) ਸਥਾਨਕ ਪ੍ਰਜਾਤੀਆਂ ਸ) ਉਪਰੋਕਤ ਵਿੱਚੋਂ ਕੋਈ ਨਹੀ।

3. ਉਮੇਸ ਪਿਛਲੇ ਹਫਤੇ ਧਰਮਸ਼ਾਲਾ ਵਿਖੇ ਘੁੰਮਣ ਗਿਆ। ਉੱਥੇ ਉਸ ਨੇ ਦੇਵਦਾਰ ਅਤੇ ਚੀਲ ਦੇ ਪੌਦੇ ਵੇਖੇ। ਉਸ ਨੇ ਉੱਥੇ ਕੁੱਝ ਇਸ ਤਰ੍ਹਾਂ ਦੇ ਜੀਵ ਜੰਤੂ ਵੀ ਵੇਖੇ ਜਿਹੜੇ ਕਿ ਉਸ ਖੇਤਰ ਵਿੱਚ ਵਿਖਾਈ ਦਿੰਦੇ ਹਨ। ਇਹਨਾਂ ਨੂੰ ……………… ਪ੍ਰਜਾਤੀਆ ਕਿਹਾ ਜਾਂਦਾ ਹੈ ?

ੳ) ਸੰਕਟਕਾਲੀਨ ਪ੍ਰਜਾਤੀਆਂ ਅ)ਅਲੋਪ ਹੋ ਚੁੱਕੀਆਂ ਪ੍ਰਜਾਤੀਆਂ

ੲ) ਸਥਾਨਕ ਪ੍ਰਜਾਤੀਆਂ **(✓)** ਸ) ਉਪਰੋਕਤ ਵਿੱਚੋਂ ਕੋਈ ਨਹੀ।

4. ਰਜਿੰਦਰ ਜੂਨ ਦੀਆਂ ਛੁੱਟੀਆਂ ਵਿੱਚ ਦਿੱਲੀ ਵਿਖੇ ਚਿੜੀਆ ਘਰ ਘੁੰਮਣ ਗਿਆ ਅਤੇ ਉਸ ਨੇ ਉੱਥੇ ਰਾਸ਼ਟਰੀ ਜੰਤੂ ਬਾਘ ਵੇਖਿਆ।ਉਸ ਦੇ ਅਧਿਆਪਕ ਨੇ ਦੱਸਿਆ ਕਿ ਇਹ ਪ੍ਰਜਾਤੀ ਖਾਤਮੇ ਦੀ ਕਗਾਰ ਤੇ ਹੈ ।ਇਸ ਤੇ ਰਜਿੰਦਰ ਨੇ ਅਧਿਆਪਕ ਨੂੰ ਇਸ ਦੇ ਰਿਕਾਰਡ ਰੱਖਣ ਬਾਰੇ ਪੁੱਛਿਆ ।ਅਧਿਆਪਕ ਨੇ ਕੀ ਉੱਤਰ ਦਿੱਤਾ ਹੋਵੇਗਾ :-

(ੳ) ਵਿਗਿਆਨ ਦੀ ਬੁੱਕ ਵਿੱਚ (ਅ) ਇਤਿਹਾਸ ਦੀ ਬੁੱਕ ਵਿੱਚ

(ੲ) ਰੈੱਡ ਡਾਟਾ ਬੁੱਕ ਵਿੱਚ **(✓)** (ਸ) ਉਪਰੋਕਤ ਵਿੱਚੋਂ ਕੋਈ ਨਹੀ।

GSSS MACHHIKE (MOGA)

5. ਸੁਖਵਿੰਦਰ ਨੇ ਸਤਪੁੜਾ ਨੈਸ਼ਨਲ ਪਾਰਕ ਘੁੰਮਦੇ ਹੋਏ ਇੱਕ ਬੋਰਡ ਵੇਖਿਆ ਜਿਸ ਉੱਪਰ ਸਤਪੁੜਾ ਟਾਈਗਰ ਰੀਜਰਵ ਲਿਖਿਆ ਹੋਇਆ ਸੀ ।ਉਸ ਨੇ ਇਸ ਪ੍ਰਜੈਕਟ ਦਾ ਮੁੱਖ ਉਦੇਸ਼ ਅਧਿਆਪਕ ਤੋਂ ਪੁੱਛਿਆ।ਅਧਿਆਪਕ ਵੱਲੋਂ ਉਸ ਨੂੰ ਇਸ ਸਬੰਧ ਵਿੱਚ ਕੀ ਦੱਸਿਆ ਹੋਵੇਗਾ:-

ੳ) ਹਾਥੀ ਦੀ ਹੋਂਦ ਬਚਾਉਣ ਲਈ   ਅ) ਬਾਘਾਂ ਦੀ ਹੋਂਦ ਬਚਾਉਣ ਲਈ **(✓)**

ੲ) ਜੰਗਲੀ ਮੱਝਾਂ ਦੀ ਹੋਂਦ ਬਚਾਉਣ ਲਈ   ਸ) ਬਾਰਾਸਿੰਗਾਂ ਦੀ ਹੋਂਦ ਬਚਾਉਣ ਲਈ

6. ਨੀਰਜ ਅਤੇ ਭਾਰਤ ਨੂੰ ਪੰਚਮੜੀ ਜੀਵ ਮੰਡਲ ਰਿਜਰਵ ਵੇਖਣ ਕਿਸ ਰਾਜ ਵਿੱਚ ਜਾਣਾ ਪਵੇਗਾ:-

ੳ) ਰਾਜਸਥਾਨ   ਅ) ਉੱਤਰ ਪ੍ਰਦੇਸ਼   ੲ) ਹਿਮਾਚਲ ਪ੍ਰਦੇਸ਼   ਸ) ਮੱਧ ਪ੍ਰਦੇਸ਼ **(✓)**

7. ਅਮਨ ਆਪਣੇ ਘਰ ਤੋਂ ਮਾਮਾ ਜੀ ਦੇ ਘਰ ਜੰਗਲ ਦੇ ਰਸਤੇ ਜਾ ਰਿਹਾ ਸੀ ਉਸ ਨੇ ਵੇਖਿਆ ਕਿ ਕੁੱਝ ਲੋਕ ਰੁੱਖਾਂ ਦੀ ਕਟਾਈ ਕਰ ਰਹੇ ਸੀ ।ਉਸ ਨੇ ਉਹਨਾਂ ਰੁੱਖਾਂ ਨੂੰ ਨਾ ਕੱਟਣ ਦੀ ਸਲਾਹ ਦਿੱਤੀ ਤਾਂ ਜੋ :-

ੳ) ਭੌ ਖੋਰ ਬਚਾਉਣ ਲਈ   ਅ) ਜੀਵਾਂ ਦੇ ਨਿਵਾਸ ਸਥਾਨ ਬਚਾਉਣ ਲਈ

ੲ) ਆਕਸੀਜਨ ਦੇ ਸੰਤੁਲਨ ਲਈ   ਸ) ਉਪਰੋਕਤ ਸਾਰੇ **(✓)**

8. ਜੰਗਲੀ ਜੀਵਨ ਰੱਖ ਉਹ ਸਥਾਨ ਹੈ ਜਿੱਥੇ ------

ੳ) ਜੰਗਲੀ ਜਾਨਵਰਾਂ ਦੀ ਰੱਖਿਆ ਕੀਤੀ ਜਾਂਦੀ ਹੈ।**(✓)**   ਅ) ਰੁੱਖਾਂ ਦੀ ਸੰਭਾਲ ਕੀਤੀ ਜਾਂਦੀ ਹੈ।

ੲ) ਜੰਗਲਾਤ ਵਿਭਾਗ ਦਾ ਦਫਤਰ ਹੁੰਦਾ ਹੈ।   ਸ) ਆਦਿ ਵਾਸੀਆ ਦੀ ਸੰਭਾਲ ਕੀਤੀ ਜਾਂਦੀ ਹੈ।

9. ਪਰਵਾਸੀ ਪੰਛੀ ------------- ਕਾਰਣ ਲੰਬੀਆਂ ਦੂਰੀਆਂ ਤਹਿ ਕਰਦੇ ਹਨ :-

ੳ) ਭੌਤਿਕ ਪਰਿਵਰਤਨ   ਅ) ਆਪਣੀ ਇੱਛਾ ਅਨੁਸਾਰ

ੲ) ਜਲਵਾਯੂ ਪਰਿਵਰਤਨ **(✓)**   ਸ) ਰਸਾਇਣਿਕ ਪਰਿਵਰਤਨ

10. ਜਗਜੀਤ ਆਪਣੇ ਪਿਤਾ ਜੀ ਨਾਲ ਹੁਸ਼ਿਆਰਪੁਰ ਵਿਖੇ ਜਾ ਰਿਹਾ ਸੀ ।ਰਸਤੇ ਵਿੱਚ ਉਸ ਨੇ ਇੱਕ ਜੰਗਲ ਅਤੇ ਜੰਗਲੀ ਜੀਵਨ ਬਚਾਉਣ ਦਾ ਬੋਰਡ ਪੜਿਆ।ਉਸਨੇ ਆਪਣੇ ਪਿਤਾ ਜੀ ਨੂੰ ਪੁੱਛਿਆ ਕਿ ਸਾਨੂੰ ਇਸ ਦੀ ਸੁਰਖਿਆ ਕਿਉਂ ਕਰਨੀ ਚਾਹੀਦੀ ਹੈ?

ੳ) ਇਸ ਨਾਲ ਪ੍ਰਿਥਵੀ ਦੇ ਤਾਪਮਾਨ ਵਿੱਚ ਵਾਧਾ ਨਹੀਂ ਹੁੰਦਾ।   ਅ) ਇਸ ਨਾਲ ਕੁਦਰਤੀ ਸੰਤੁਲਨ ਨਹੀ ਵਿਗੜਦਾ

ੲ) ਇਸ ਨਾਲ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਵਿੱਚ ਵਾਧਾ ਨਹੀ ਹੁੰਦਾ।

ਸ) ਉਪਰੋਕਤ ਸਾਰੇ।**(✓)**

11. ਜੈਵ ਵਿੰਭਿਨਤਾ ਤੋਂ ਕੀ ਭਾਵ ਹੈ ?

ੳ) ਜਿਥੇ ਬਹੁਤ ਸਾਰੇ ਪੌਦੇ ਹੋਣ   ਅ) ਜਿਥੇ ਬਹੁਤ ਸਾਰੇ ਜੀਵ ਹੋਣ

ੲ) ਜਿਥੇ ਕਈ ਤਰਾਂ ਦੇ ਪੌਦੇ, ਜੀਵ ਜੰਤੂਆਂ ਦੀਆਂ ਪ੍ਰਜਾਤੀਆਂ ਦਾ ਆਪਸ ਵਿੱਚ ਅਤੇ ਵਾਤਾਵਰਣ ਨਾਲ ਸਬੰਧ ਹੋਵੇ**(✓)**

ਸ) ਇਨ੍ਹਾਂ ਵਿਚੋਂ ਕੋਈ ਨਹੀਂ

GSSS MACHHIKE (MOGA)

12. ਸਵੇਰ ਦੀ ਸਭਾ ਵਿੱਚ ਵਿਗਿਆਨ ਵਿਸ਼ੇ ਦੇ ਅਧਿਆਪਕ ਨੇ ਕਾਗਜ ਦੇ ਪੁਨਰ ਚੱਕਰ ਦੀ ਮਹੱਤਤਾ ਬਾਰੇ ਦੱਸਿਆ। ਦੱਸੋ ਕਿ ਪੁਨਰ ਚੱਕਰ ਦੇ ਕੀ ਲਾਭ ਹਨ?

ੳ) ਇਸ ਨਾਲ ਜੰਗਲਾਂ ਦੀ ਕਟਾਈ ਘੱਟ ਕੀਤੀ ਜਾ ਸਕਦੀ ਹੈ

ਅ) ਇਸ ਨਾਲ ਪਾਣੀ ਅਤੇ ਊਰਜਾ ਦੀ ਬੱਚਤ ਹੁੰਦੀ ਹੈ।

ੲ) ਇਸ ਨਾਲ ਵਰਤੇ ਗਏ ਕਾਗਜ ਨੂੰ ਦੁਬਾਰਾ ਵਰਤੋ ਵਿੱਚ ਲਿਆਇਆ ਜਾ ਸਕਦਾ ਹੈ।

ਸ) ਉਪਰੋਕਤ ਸਾਰੇ।**(✓)**

13. ਜੰਗਲਾਂ ਦੀ ਕਟਾਈ ਦੇ ਸਬੰਧ ਵਿੱਚ ਕਿਹੜਾ ਕਥਨ ਸਹੀ ਹੈ:-

ੳ) ਇਸ ਨਾਲ ਭੂਮੀ ਦੇ ਗੁਣਾਂ ਵਿੱਚ ਪਰਿਵਰਤਨ ਆ ਜਾਂਦਾ ਹੈ।**(✓)**

ਅ) ਇਸ ਨਾਲ ਜਾਨਵਰਾਂ ਨੂੰ ਘੁੰਮਣ ਲਈ ਖੁੱਲੀ ਜਗਾਂ ਮਿਲ ਜਾਂਦੀ ਹੈ

ੲ) ਇਸ ਨਾਲ ਅਸੀ ਜੰਗਲੀ ਜਾਨਵਰਾਂ ਨੂੰ ਘੁੰਮਦੇ ਹੋਏ ਅਰਾਮ ਨਾਲ ਦੇਖ ਸਕਦੇ ਹਾਂ

ਸ) ੳਪਰੋਕਤ ਵਿਚੋ ਕੋਈ ਨਹੀਂ।

14. ਚਿੜੀਆਘਰ ਅਤੇ ਜੰਗਲੀ ਜੀਵਨ ਰੱਖਾਂ ਵਿੱਚ ਕੀ ਅੰਤਰ ਹੈ?

ੳ) ਚਿੜੀਆ ਘਰਾਂ ਵਿੱਚ ਜੰਤੂਆਂ ਨੂੰ ਸੁਰੱਖਿਆ ਪ੍ਰਾਪਤ ਨਹੀਂ ਹੁੰਦੀ ਪਰ ਰੱਖਾ ਵਿੱਚ ਹੁੰਦੀ ਹੈ।

ਅ) ਚਿੜੀਆ ਘਰਾਂ ਵਿੱਚ ਜੰਤੂਆਂ ਨੂੰ ਕੁਦਰਤੀ ਨਿਵਾਸ ਸਥਾਨ ਵਿੱਚ ਰੱਖਦੇ ਹਨ ਜਦੋਕਿ ਰੱਖਾਂ ਵਿੱਚ ਬਣਾਉਟੀ ਨਿਵਾਸ ਸਥਾਨਾ ਵਿੱਚ ਰੱਖਦੇ ਹਨ।

ੲ) ਰੱਖਾਂ ਵਿੱਚ ਜੰਤੂਆਂ ਨੂੰ ਕੁਦਰਤੀ ਨਿਵਾਸ ਸਥਾਨ ਵਿੱਚ ਰੱਖਦੇ ਹਨ ਜਦੋਕਿ ਚਿੜੀਆ ਘਰਾਂ ਵਿੱਚ ਬਣਾਉਟੀ ਨਿਵਾਸ ਸਥਾਨਾ ਵਿੱਚ ਰੱਖਦੇ ਹਨ।**(✓)**

(ਸ) ਉਪਰੋਕਤ ਸਾਰੇ

15. ਸੰਕਟਕਾਲੀਨ ਜੰਗਲੀ ਜੀਵਾਂ ਦੀਆ ਦੋ ਪ੍ਰਜਾਤੀਆ ਦੇ ਨਾਂ ਦੱਸੋ ?

ੳ) ਕਾਲੇ ਹਿਰਨ ਅਤੇ ਸਫੇਦ ਅੱਖਾਂ ਵਾਲੇ ਹਿਰਨ**(✓)** ਅ) ਸੁਨਹਿਰੀ ਬਿੱਲੀ ਅਤੇ ਗੁਲਾਬੀ ਸਿਰ ਵਾਲੀ ਬੱਤਖ

ੲ) ਅਜਗਰ ਅਤੇ ਗੈਂਡਾ ਸ) ੳਪਰੋਕਤ ਸਾਰੇ

16. ਪਰਿਸਥਿਤਿਕ ਪ੍ਰਬੰਧ ਵਿੱਚ ___________ ਆਉਂਦੇ ਹਨ ।

ੳ) ਇਸ ਵਿੱਚ ਸਾਰੇ ਪੌਦੇ ਅਤੇ ਜੰਤੂ ਆਉਦੇ ਹਨ ਅ) ਇਸ ਵਿੱਚ ਸਾਰੇ ਸੂਖਮਜੀਵ ਆਉਦੇ ਹਨ

ੲ) ਇਸ ਵਿੱਚ ਸਾਰੇ ਨਿਰਜੀਵ ਅੰਸ਼ ਜਿਵੇਂ ਜਲਵਾਯੂ, ਮਿੱਟੀ, ਭੂਮੀ, ਦਰਿਆ, ਡੈਲਟੇ ਆਦਿ ਆਉਦੇ ਹਨ

ਸ) ਉਪਰੋਕਤ ਸਾਰੇ ਆਉਦੇ ਹਨ **(✓)**

17. ਸਜੀਵਾਂ ਦੀ ਪ੍ਰਜਾਤੀ ਤੋਂ ਕੀ ਭਾਵ ਹੈ?

ੳ) ਵਿਸ਼ੇਸ਼ ਖੇਤਰਾਂ ਵਿੱਚ ਪਾਏ ਜਾਣ ਵਾਲੇ ਪੇੜ ਪੌਦੇ ਅ) ਵਿਸ਼ੇਸ਼ ਖੇਤਰਾਂ ਵਿੱਚ ਪਾਏ ਜਾਣ ਵਾਲੇ ਜੀਵ

ੲ) ਦੋਵੇਂ ੳ ਅਤੇ ਅ **(✓)** ਸ) ਉਪਰੋਕਤ ਵਿੱਚੋਂ ਕੋਈ ਨਹੀ।

18. ਪੰਚਮੜੀ ਜੀਵ ਮੰਡਲ ਰਿਜਰਵ ਵਿੱਚ ਖਾਸ ਤੌਰ ਤੇ ਪਾਏ ਜਾਣ ਵਾਲੇ ਦੋ ਸਥਾਨਕ ਪੌਦਾ ਪ੍ਰਜਾਤੀਆਂ ਦੇ ਨਾਂ ਦੱਸੋ?

GSSS MACHHIKE (MOGA)

ੳ) ਸਾਲ, ਸਾਗਵਾਨ ਅ) ਅੰਬ, ਜਾਮੁਨ ੲ) ਸਿਲਵਰ ਫਰਨ ਅਤੇ ਅਰਜੁਨ ਸ) ੳਪਰੋਕਤ ਸਾਰੇ(✓)

19. ਸਤਪੁੜਾ ਨੈਸ਼ਲਨ ਪਾਰਕ ਵਿੱਚ ਖਾਤਮੇ ਦੀ ਕਗਾਰ ਤੇ ਪਹੁਚਣ ਵਾਲੀਆਂ ਪ੍ਰਜਾਤੀਆਂ ਦੇ ਨਾਮ ਦੱਸੋ?

ੳ) ਸ਼ੇਰ, ਹਾਥੀ, ਜੰਗਲੀ ਮੱਝਾਂ, ਬਾਰਾਂਸਿੰਘਾਂ ਆਦਿ (✓) ਅ) ਡਾਇਨਾਸੋਰ

ੲ) ਬਾਘ ਸ) ਘੜਿਆਲ, ਮੱਗਰਮੱਛ , ਅਜਗਰ ਆਦਿ

20. ਜੰਤੂਆਂ ਦੇ ਪ੍ਰਵਾਸ ਤੋਂ ਕੀ ਭਾਵ ਹੈ?

ੳ) ਜਦੋਂ ਜੰਗਲ ਕੱਟਣ ਕਾਰਣ ਜੰਗਲੀ ਜੰਤੂ ਲੋਕਾਂ ਦੇ ਘਰਾਂ ਵੱਲ ਆ ਜਾਣ ।

ਅ) ਜਦੋਂ ਸਾਡੇ ਘਰੇਲੂ ਜੰਤੂ ਜੰਗਲਾਂ ਵਿੱਚ ਰਹਿਣ ਚਲੇ ਜਾਣ

ੲ) ਜਦੋਂ ਜਲਵਾਯੂ ਦੇ ਬਦਲਣ ਕਾਰਣ ਕੁਝ ਪੰਛੀ ਹਰ ਸਾਲ ਇੱਕ ਨਿਸ਼ਿਚਿਤ ਸਮੇਂ ਦੌਰਾਨ ਦੂਰ ਦੁਰਾਡੇ ਖੇਤਰਾਂ ਵੱਲ ਚਲੇ ਜਾਣ (✓)

ਸ) ਜਦੋਂ ਪੰਛੀ ਡਰ ਕਾਰਣ ਆਪਣਾ ਸਥਾਨ ਬਦਲ ਲੈਣ

21. ਮਿੱਟੀ ਦੇ ਮਾਰੂਥਲੀਕਰਨ ਤੋਂ ਕੀ ਭਾਵ ਹੈ?

ੳ) ਭੌਂ ਖੋਰ ਨਾਲ ਮਿੱਟੀ ਦਾ ਰੁੜਨਾ ਅ) ਹਵਾ ਚੱਲਣ ਨਾਲ ਮਿੱਟੀ ਦੀ ਉਪਰਲੀ ਪਰਤ ਦਾ ਉੱਡ ਜਾਣਾ

ੲ) ਮਿੱਟੀ ਵਿੱਚ ਮੱਲੜ ਦੀ ਕਮੀ ਕਾਰਣ ਉਪਜਾਊ ਸ਼ਕਤੀ ਦਾ ਘਟਣਾ(✓) ਸ) ਉਪਰੋਕਤ ਵਿੱਚੋਂ ਕੋਈ ਨਹੀ।

22. ਖਤਰੇ ਦੀ ਕਗਾਰ ਤੇ ਪਹੁੰਚ ਚੁੱਕੀਆਂ ਪ੍ਰਜਾਤੀਆਂ ਦਾ ਰਿਕਾਰਡ ਕਿਸ ਕਿਤਾਬ ਵਿੱਚ ਰੱਖਿਆ ਗਿਆ ਹੈ।

ੳ) ਬਲਿਊ ਡਾਟਾ ਬੁੱਕ ਅ) ਗਰੀਨ ਡਾਟਾ ਬੁੱਕ ੲ) ਰੈੱਡ ਡਾਟਾ ਬੁੱਕ(✓) ਸ) ਯੈਲੋ ਡਾਟਾ ਬੁੱਕ

23. ਜੰਗਲੀ ਜੀਵਨ ਰੱਖਾਂ ਅਤੇ ਰਾਸ਼ਟਰੀ ਪਾਰਕ ਬਚਾਉਣ ਦੇ ਕੀ ਉਦੇਸ਼ ਹਨ ?

ੳ) ਇਹ ਜੰਗਲੀ ਜੀਵਾਂ ਨੂੰ ਸੁਰੱਖਿਆਂ ਅਤੇ ਜਿਊਂਦੇ ਰਹਿਣ ਲਈ ਢੁੱਕਵੇਂ ਹਲਾਤ ਪ੍ਰਦਾਨ ਕਰਦੇ ਹਨ

ਅ) ਇੱਥੇ ਜਾਨਵਰਾਂ ਨੂੰ ਮਾਰਨ ਅਤੇ ਇਨਾਂ ਦਾ ਸ਼ਿਕਾਰ ਕਰਨ ਦੀ ਪੂਰਨ ਮਨਾਹੀ ਹੁੰਦੀ ਹੈ।

ੲ) ਇੱਥੇ ਸੰਕਟਕਾਲੀਨ ਜੰਗਲੀ ਜੀਵਾਂ ਨੂੰ ਸਾਂਭ ਕੇ ਸੁਰੱਖਿਅਤ ਰੱਖਿਆਂ ਜਾਂਦਾ ਹੈ

ਸ) ੳਪਰੋਕਤ ਸਾਰੇ (✓)

24. ਸੋਕੇ ਤੋਂ ਕੀ ਭਾਵ ਹੈ?

ੳ) ਬਹੁਤ ਜਿਆਦਾ ਵਰਖਾ ਦਾ ਹੋਣਾ ਅ) ਪੌਦਿਆਂ ਦੀ ਕਟਾਈ ਕਾਰਣ ਵਰਖਾ ਦੀ ਦਰ ਵਿੱਚ ਕਮੀ ਆਉਣਾ

ੲ) ਪ੍ਰਿਥਵੀ ਦੇ ਤਾਪਮਾਨ ਵਿੱਚ ਵਾਧੇ ਕਾਰਣ ਜਲ ਚੱਕਰ ਦਾ ਸੰਤੁਲਨ ਵਿਗੜਨਾ ਸ) ਦੋਵੇਂ ਅ ਅਤੇ ੲ (✓)

25. ਪ੍ਰਵਾਸੀ ਪੰਛੀਆਂ ਦੀਆਂ ਕੋਈ ਦੋ ਉਦਾਹਰਣਾਂ ਦਿਉ ?

ੳ) ਚਮਗਿੱਦੜ ਅਤੇ ਉੱਲੂ ਅ) ਉੱਡਣ ਵਾਲੀ ਗਲਿਹਰੀ ਅਤੇ ਦਿਓ ਕੱਦ ਗਲਿਹਰੀ

ੲ) ਗਰੇਟਰ ਫਲੇਮਿੰਗੋ ਅਤੇ ਸਾਈਬੇਰੀਅਨ ਕਰੇਨ (✓) ਸ) ਉਪਰੋਕਤ ਸਾਰੇ

GSSS MACHHIKE (MOGA)

ਅਧਿਆਇ-8 ਸੈੱਲ-ਬਣਤਰ ਅਤੇ ਕਾਰਜ

ਪ੍ਰਸ਼ਨ 1- ਹੇਠ ਲਿਖੇ ਕਥਨ ਠੀਕ ਹਨ ਜਾਂ ਗਲਤ।

(ੳ) ਇੱਕ ਸੈਲੀ ਜੀਵਾਂ ਵਿੱਚ ਇੱਕ ਹੀ ਸੈੱਲ ਹੁੰਦਾ ਹੈ। **(ਠੀਕ)**

(ਅ) ਪੇਸ਼ੀ ਸੈੱਲਾਂ ਵਿੱਚ ਸ਼ਾਖਾਵਾਂ ਹੁੰਦੀਆਂ ਹਨ। **(ਗਲਤ)**

(ੲ) ਕਿਸੇ ਜੀਵ ਦੀ ਮੁੱਢਲੀ ਸੰਰਚਨਾ ਅੰਗ ਹੈ। **(ਗਲਤ)**

(ਸ) ਅਮੀਬਾ ਦੀ ਆਕ੍ਰਿਤੀ ਅਨਿਯਮਿਤ ਹੁੰਦੀ ਹੈ। **(ਠੀਕ)**

ਪ੍ਰਸ਼ਨ 2- ਮਨੁੱਖੀ ਨਾੜ੍ਹੀ ਸੈੱਲ ਦਾ ਚਿੱਤਰ ਬਣਾਉ।ਨਾੜ੍ਹੀ ਸੈੱਲਾਂ ਦੁਆਰਾ ਕੀ ਕੰਮ ਕੀਤਾ ਜਾਂਦਾ ਹੈ?

ਉੱਤਰ-



ਨਾੜ੍ਹੀ ਸੈੱਲ ਦਾ ਕਾਰਜ- ਨਾੜ੍ਹੀ ਸੈੱਲ ਮਨੁੱਖੀ ਸਰੀਰ ਵਿੱਚ ਸੂਚਨਾਵਾਂ ਨੂੰ ਬਿਜਲਈ ਸੰਕੇਤਾਂ ਦੇ ਰੂਪ ਵਿੱਚ ਸਥਾਨ ਅੰਤਰਿਤ ਕਰਦੇ ਹਨ।

ਪ੍ਰਸ਼ਨ 3- ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ-

(ੳ) ਸੈੱਲ ਦ੍ਰਵ (ਸੈੱਲ ਪਦਾਰਥ)

(ਅ) ਸੈੱਲ ਦਾ ਕੇਂਦਰਕ

ਉੱਤਰ-(ੳ) **ਸੈੱਲ ਪਦਾਰਥ-**ਇਹ ਇੱਕ ਜੈਲੀ ਵਰਗਾ ਪਦਾਰਥ ਹੁੰਦਾ ਹੈ ਜੋ ਸੈੱਲ ਝਿੱਲੀ ਅਤੇ ਕੇਂਦਰਕ ਦੇ ਵਿਚਕਾਰ ਭਰਿਆ ਹੁੰਦਾ ਹੈ।

(ਅ) **ਸੈੱਲ ਦਾ ਕੇਂਦਰਕ-** ਇਹ ਗੋਲਾਕਾਰ ਆਕਾਰ ਦਾ ਹੁੰਦਾ ਹੈ ਅਤੇ ਸੈੱਲ ਦੇ ਕੇਂਦਰ ਵਿੱਚ ਸਥਿਤ ਹੁੰਦਾ ਹੈ।ਕੇਂਦਰਕ ਝਿੱਲੀ ਕੇਂਦਰਕ ਨੂੰ ਸੈੱਲ ਦ੍ਰਵ ਤੋਂ ਵੱਖ ਕਰਦੀ ਹੈ।ਕੇਂਦਰਕ ਸੈੱਲ ਦੀਆ ਸਾਰੀਆਂ ਕਿਰਿਆਵਾਂ ਨੂੰ ਕੰਟਰੋਲ ਕਰਦਾ ਹੈ।

ਪ੍ਰਸ਼ਨ 4- ਸੈੱਲ ਦੇ ਕਿਹੜੇ ਭਾਗ ਵਿੱਚ ਸੈੱਲ ਅੰਗ (ਨਿਕੜੇ ਅੰਗ) ਪਾਏ ਜਾਂਦੇ ਹਨ?

ਉੱਤਰ- ਸੈੱਲ ਦ੍ਰਵ ਜਾਂ ਸੈੱਲ ਪਦਾਰਥ ਵਿੱਚ।

ਪ੍ਰਸ਼ਨ 5- ਪੌਦਾ ਸੈੱਲ ਅਤੇ ਜੰਤੂ ਸੈੱਲ ਦੇ ਚਿੱਤਰ ਬਣਾ ਕੇ ਉਨ੍ਹਾਂ ਵਿੱਚ ਅੰਤਰ ਲਿਖੋ।

ਉੱਤਰ-



ਚਿੱਤਰ 8.7 : (a) ਪੌਦਾ ਸੈੱਲ (b) ਜੰਤੂ ਸੈੱਲ

ਪੌਦਾ ਸੈੱਲ	ਜੰਤੂ ਸੈੱਲ
1.ਇਸ ਦਾ ਆਕਾਰ ਆਇਤਾਕਾਰ ਹੁੰਦਾ ਹੈ।	1. ਇਸ ਦਾ ਆਕਾਰ ਅੰਡਾਕਾਰ ਹੁੰਦਾ ਹੈ।
2.ਇਸ ਵਿੱਚ ਰਸਧਾਨੀ ਵੱਡੀ ਹੁੰਦੀ ਹੈ।	2.ਇਸ ਵਿੱਚ ਰਸਧਾਨੀਆਂ ਛੋਟੀਆਂ ਹੁੰਦੀਆਂ ਹਨ।
3.ਇਸ ਵਿੱਚ ਸੈੱਲ ਕੰਧ ਹੁੰਦੀ ਹੈ।	3.ਇਸ ਵਿੱਚ ਸੈੱਲ ਕੰਧ ਨਹੀਂ ਹੁੰਦੀ।
4.ਇਸ ਵਿੱਚ ਕਲੋਰੋਪਲਾਸਟ ਹੁੰਦੇ ਹਨ।	4.ਇਸ ਵਿੱਚ ਕਲੋਰੋਪਲਾਸਟ ਨਹੀਂ ਹੁੰਦੇ।
5.ਇਸ ਵਿੱਚ ਸੈਂਟ੍ਰੋਸੋਮ ਨਹੀਂ ਹੁੰਦੇ ।	5.ਇਸ ਵਿੱਚ ਸੈਂਟ੍ਰੋਸੋਮ ਹੁੰਦੇ ਹਨ।

ਪ੍ਰਸ਼ਨ 6- ਯੂਕੇਰੀਓਟਸ ਅਤੇ ਪ੍ਰੋਕੇਰੀਓਟਸ ਵਿੱਚ ਅੰਤਰ ਲਿਖੋ।

ਉੱਤਰ-

ਪ੍ਰੋਕੇਰੀਓਟਸ	ਯੂਕੇਰੀਓਟਸ
1.ਇਹ ਆਮ ਤੌਰ ਤੇ ਇੱਕ ਸੈੱਲੀ ਹੁੰਦੇ ਹਨ।	1.ਇਹ ਆਮ ਤੌਰ ਤੇ ਬਹੁ-ਸੈੱਲੀ ਹੁੰਦੇ ਹਨ।
2.ਇਸ ਵਿੱਚ ਨਿਊਕਲੀਓਲਸ ਨਹੀਂ ਹੁੰਦਾ।	2.ਇਸ ਵਿੱਚ ਨਿਊਕਲੀਓਲਸ ਹੁੰਦਾ ਹੈ।
3.ਇਸ ਦਾ ਕੇਂਦਰਕ ਝਿੱਲੀ ਨਾਲ ਘਿਰਿਆਂ ਨਹੀਂ ਹੁੰਦਾ।	3.ਇਸ ਦਾ ਕੇਂਦਰਕ ਝਿੱਲੀ ਨਾਲ ਘਿਰਿਆਂ ਹੁੰਦਾ ਹੈ।

GSSS MACHHIKE

ਪ੍ਰਸ਼ਨ 7- ਸੈੱਲ ਵਿੱਚ ਕ੍ਰੋਮੋਸੋਮ (ਗੁਣਸੂਤਰ) ਕਿੱਥੇ ਪਾਏ ਜਾਂਦੇ ਹਨ? ਉਨ੍ਹਾਂ ਦਾ ਕੰਮ ਲਿਖੋ।

ਉੱਤਰ- ਸੈੱਲ ਵਿੱਚ ਗੁਣਸੂਤਰ ਕੇਂਦਰਕ ਵਿੱਚ ਪਾਏ ਜਾਂਦੇ ਹਨ। ਇਹ ਕਿਸੇ ਜੀਵ ਦੇ ਅਣੁਵੰਸ਼ਕੀ ਗੁਣਾਂ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਲੈ ਕੇ ਜਾਂਦੇ ਹਨ।

ਪ੍ਰਸ਼ਨ 8- 'ਸਜੀਵਾਂ ਵਿੱਚ ਸੈੱਲ ਇੱਕ ਮੁੱਢਲੀ ਰਚਨਾਤਮਕ ਇਕਾਈ ਹੈ' ਸਮਝਾਉ।

ਉੱਤਰ- ਸਜੀਵਾਂ ਦੀਆਂ ਸਾਰੀਆ ਮੁੱਖ ਕਿਰਿਆਵਾਂ ਜਿਵੇਂ ਸਾਹ ਲੈਣਾ, ਮਲ-ਤਿਆਗ, ਪਰਿਵਹਨ ਅਤੇ ਹੋਰ ਢਾਹ-ਉਸਾਰੂ ਕਿਰਿਆਵਾਂ ਵੱਖ-ਵੱਖ ਸੈੱਲਾਂ ਦੁਆਰਾ ਹੀ ਹੁੰਦੀਆਂ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਜੀਵਾਂ ਵਿੱਚ ਸੈੱਲ ਇੱਕ ਮੁੱਢਲੀ ਇਕਾਈ ਹੈ।

ਪ੍ਰਸ਼ਨ 9- ਦੱਸੋ ਕਿ ਕਲੋਰੋਪਲਾਸਟ ਜਾਂ ਕਲੋਰੋਫਿਲ ਕੇਵਲ ਪੌਦਾ ਸੈੱਲਾਂ ਵਿੱਚ ਹੀ ਕਿਉਂ ਪਾਏ ਜਾਂਦੇ ਹਨ?

ਉੱਤਰ-ਕਿਉਂਕਿ ਕਲੋਰੋਪਲਾਸਟ ਵਿੱਚ ਕਲੋਰੋਫਿਲ ਹੁੰਦੀ ਹੈ ਜੋ ਪੌਦਿਆ ਨੂੰ ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਲਈ ਜਰੂਰੀ ਹੈ।

ਪ੍ਰਸ਼ਨ 11- ਪਹੇਲੀ।

ਉੱਤਰ- ਖੱਬੇ ਤੋਂ ਸੱਜੇ ਪਾਸੇ ਵੱਲ

1. **ਇਹ ਸੈੱਲ ਦ੍ਰਵ ਤੋਂ ਇੱਕ ਝਿੱਲੀ ਦੁਆਰਾ ਵੱਖ ਹੁੰਦਾ ਹੈ-** ਕੇਂਦਰਕ
4. **ਸੈੱਲ ਝਿੱਲੀ ਅਤੇ ਕੇਂਦਰਕ ਝਿੱਲੀ ਵਿਚਕਾਰਲਾ ਪਦਾਰਥ-** ਸੈੱਲ ਪਦਾਰਥ

ਉੱਪਰ ਤੋਂ ਹੇਠਾਂ ਵੱਲ

2. **ਸਜੀਵਾਂ ਦੀ ਮੁੱਢਲੀ ਸੰਰਚਨਾਤਮਕ ਇਕਾਈ-** ਸੈੱਲ
3. **ਇਹ ਪ੍ਰਕਾਸ਼ ਸੰਸ਼ਲੇਸ਼ਣ ਲਈ ਜਰੂਰੀ ਹੈ-** ਕਲੋਰੋਪਲਾਸਟ
5. **ਸੈੱਲ ਪਦਾਰਥ (ਸੈੱਲ ਦ੍ਰਵ) ਵਿਚਕਾਰ ਖਾਲੀ ਸਥਾਨ ਵਰਗੀ ਸੰਰਚਨਾ-** ਰਸਧਾਨੀ

ਇੱਕ ਨੰਬਰ ਵਾਲੇ ਬਹੁ-ਵਿਕਲਪੀ ਪ੍ਰਸ਼ਨ

1. **ਸਜੀਵ ਨੇ ਸੂਖਮਦਰਸ਼ੀ ਰਾਹੀ ਪਿਆਜ਼ ਦੀ ਝਿੱਲੀ ਨੂੰ ਵੇਖਿਆ ਤਾਂ ਉਸ ਨੂੰ ਹੇਠਾਂ ਦਿੱਤੇ ਚਿੱਤਰ ਅਨੁਸਾਰ ਇੱਟਾਂ ਦੀ ਦੀਵਾਰ ਵਰਗੀ ਰਚਨਾਂ ਵਿਖਾਈ ਦਿੱਤੀ ਇਹਨਾਂ ਰਚਨਾਵਾਂ ਨੂੰ ਅਸੀਂ ਕੀ ਕਹਿੰਦੇ ਹਾਂ:-**



ਚਿੱਤਰ 8.5 : ਪਿਆਜ਼ ਦੀ ਝਿੱਲੀ ਦੇ ਸੈੱਲ।

ੳ) ਜੰਤੂ ਸੈੱਲ　　ਅ) ਪੌਦਾਂ ਸੈੱਲ **(✓)**　　ੲ) ੳ ਅਤੇ ਅ ਦੋਨੋ　　ਸ) ਉਪਰੋਕਤ ਵਿੱਚੋਂ ਕੋਈ ਨਹੀ

2. ਰਾਮ ਨੇ ਗੱਲ ਦੀ ਅੰਦਰਲੀ ਪਰਤ ਵਿੱਚ ਹੇਠਾਂ ਦਿੱਤੀ ਰਚਨਾਂ ਅਨੁਸਾਰ ਗੱਲ੍ਹ ਦੇ ਸੈੱਲ ਵੇਖੇ ।ਇਸ ਦੇ ਮੱਧ ਵਿੱਚ ਗੋਲਾਕਾਰ ਭਾਗ ਨੂੰ ਉਹ ਕਿਵੇਂ ਅੰਕਿਤ ਕਰੇਗਾ:-



ਚਿੱਤਰ 8.6 : ਮਨੁੱਖ ਦੀ ਗੱਲ੍ਹ ਦੇ ਸੈੱਲ

ੳ) ਸੈੱਲ ਝਿੱਲੀ　　ਅ) ਸੈੱਲ ਦ੍ਰਵ　　ੲ) ਸੈੱਲ ਕੰਧ　　ਸ) ਕੇਂਦਰਕ **(✓)**

3. ਸੁਮਨ ਨੇ ਛੱਪੜ ਦੇ ਪਾਣੀ ਦੀ ਇੱਕ ਬੂੰਦ ਦੀ ਸਲਾਇਡ ਬਣਾ ਕੇ ਦੇਖੀ ਕਿ ਬਹੁਤ ਸਾਰੇ ਪੈਰਾਮੀਸ਼ੀਅਮ ਇੱਧਰ ਉੱਧਰ ਗਤੀ ਕਰ ਰਹੇ ਹਨ ।ਉਹ ਇਹ ਜਾਣਨਾ ਚਾਹੁੰਦਾ ਹੈ ਕਿ ਪੈਰਾਮੀਸ਼ੀਅਮ ਕਿਵੇਂ ਗਤੀ ਕਰਦੇ ਹਨ:-

ੳ) ਝੂਠੇ ਪੈਰਾਂ ਨਾਲ　　ਅ) ਸਿਲ੍ਹੀਆ ਰਾਹੀਂ**(✓)**　　ੲ) ਫਲੈਜਲਾ ਰਾਹੀਂ　　ਸ) ਉਪਰੋਕਤ ਵਿੱਚੋਂ ਕੋਈ ਨਹੀ

4. ਨਵੀਨ ਅਤੇ ਪ੍ਰਵੀਨ ਦੋਨੋਂ ਬਗੀਚੇ ਵਿੱਚ ਖੇਡ ਰਹੇ ਸਨ।ਉਹਨਾਂ ਨੇ ਵੇਖਿਆ ਕਿ ਸਾਰੇ ਪੌਦਿਆਂ ਦੇ ਪੱਤੇ ਹਰੇ ਰੰਗ ਦੇ ਹਨ।ਪੌਦਿਆਂ ਦੇ ਪੱਤਿਆਂ ਦਾ ਰੰਗ ਹੇਠਾਂ ਦਿੱਤੀਆਂ ਵਿੱਚੋਂ ਕਿਸ ਕਾਰਨ ਹੈ:-

ੳ) ਕਲੋਰੋਫਿਲ ਕਾਰਨ**(✓)**　　ਅ) ਸੈੱਲ ਭਿੱਤੀ ਕਾਰਨ　　ੲ) ਗੁਲੋਕੋਜ ਕਾਰਨ　　ਸ) ਉਪਰੋਕਤ ਵਿੱਚੋਂ ਕੋਈ ਨਹੀ

5. ਸੈੱਲ ਦੇ ਕੇਂਦਰਕ ਵਿੱਚ ਧਾਗੇ ਵਰਗੀਆਂ ਸੰਰਚਨਾਵਾਂ ਕੀ ਅਖਵਾਉਂਦੀਆਂ ਹਨ:-

ੳ) ਗੁਣ ਸੂਤਰ **(✓)**　　ਅ) ਪਲਾਸਟਿਡ　　ੲ) ਮਾਈਟੋਕਾਂਡ੍ਰੀਆ　　ਸ) ਰਾਈਬੋਸੋਮ

6. ਰਮਨ ਦੀ ਮਾਤਾ ਨੇ ਰਮਨ ਨੂੰ ਮੁਰਗੀ ਦਾ ਉਬਾਲਿਆ ਅੰਡਾ ਕੱਟ ਕੇ ਖਾਣ ਨੂੰ ਦਿੱਤਾ ।ਉਹ ਇਸ ਦੇ ਪੀਲੇ ਭਾਗ ਨੂੰ ਕੀ ਕਹੇਗੀ?

ੳ) ਐਲਬਿਊਮਿਨ　　ਅ) ਯੋਕ **(✓)**　　ੲ) ਮਾਈਟੋਕਾਂਡ੍ਰੀਆ　　ਸ) ਉਪਰੋਕਤ ਵਿੱਚੋਂ ਕੋਈ ਨਹੀ

7. ਕੋਮਲ ਅਮੀਬਾ ਦੀ ਆਕ੍ਰਿਤੀ ਵਿੱਚ ਇਸਦੇ ਮੁੱਖ ਸਰੀਰ ਤੋਂ ਬਾਹਰ ਭਿੰਨ ਭਿੰਨ ਲੰਬਾਈਆਂ ਦੇ ਉਭਾਰ ਨੂੰ ਕਿਸ ਨਾਂ ਨਾਲ ਅੰਕਿਤ ਕਰੇਗੀ?

ੳ) ਸਿਉਡੋਪੋਡੀਆ**(✓)**　　ਅ) ਸਿਲ੍ਹੀਆ　　ੲ) ਫਲੈਜਲਾ　　ਸ) ਸੈੱਲ ਕੰਧ

8. ਹੇਠਾਂ ਦਿੱਤੇ ਚਿੱਤਰ ਨੂੰ ਤੁਸੀਂ ਕੀ ਕਹੋਗੇ :-

GSSS MACHHIKE (MOGA)



ੳ) ਅਮੀਬਾ ਅ) ਪੈਰਾਮੀਸ਼ੀਅਮ ੲ) ਨਾੜੀ ਸੈੱਲ **(✓)** ਸ) ਲਹੂ ਸੈੱਲ

9. ਹੇਠ ਲਿਖਿਆ ਵਿੱਚੋਂ ਕਿਹੜਾ ਜੰਤੂ ਸੈੱਲ ਵਿੱਚ ਮੋਜੂਦ ਨਹੀ ਹੁੰਦਾ ਹੈ:-

ੳ) ਕਲੋਰੋਪਲਾਸਟ**(✓)** ਅ) ਕੇਂਦਰਕ ੲ) ਮਾਈਟੋਕਾਂਡ੍ਰੀਆ ਸ) ਉਪਰੋਕਤ ਵਿੱਚੋਂ ਕੋਈ ਨਹੀ

10. ਨਾੜੀ ਸੈੱਲ ਦੇ ਕੰਮ ਦੱਸੋ?

ੳ) ਸਰੀਰ ਵਿੱਚ ਖੂਨ ਭੇਜਨਾ ਅ) ਗੈਸਾਂ ਦੀ ਅਦਲਾਂ ਬਦਲੀ ਕਰਨਾ

ੲ) ਸੰਦੇਸ਼ ਨੂੰ ਪ੍ਰਾਪਤ ਕਰਕੇ ਸਥਾਨਅੰਤਰਿਤ ਕਰਨਾ **(✓)** ਸ) ਉਪਰੋਕਤ ਵਿੱਚੋਂ ਕੋਈ ਨਹੀ

11. ਕੇਂਦਰਕ ਅਤੇ ਸੈੱਲ ਝਿੱਲੀ ਦੇ ਵਿਚਕਾਰ ਜੈਲੀ ਵਰਗੇ ਪਦਾਰਥ ਨੂੰ ਕੀ ਆਖਦੇ ਹਨ?

ੳ) ਕੇਂਦਰਕ ਦ੍ਰਵ ਅ) ਸਾਈਟੋਪਲਾਜ਼ਮ **(✓)** ੲ) ਪਰੋਟੋਪਲਾਜ਼ਮ ਸ) ਉਪਰੋਕਤ ਵਿੱਚੋਂ ਕੋਈ ਨਹੀ

12. ਹੇਠ ਲਿਖਿਆ ਵਿੱਚੋਂ ਪੌਦਾ ਸੈੱਲ ਦਾ ਕਿਹੜਾ ਨਿਕੜਾ ਅੰਗ ਪ੍ਰਕਾਸ਼ ਸੰਸ਼ਲੇਸ਼ਣ ਲਈ ਜਰੂਰੀ ਹੈ:-

ੳ) ਮਾਈਟੋਕਾਂਡ੍ਰੀਆ ਅ) ਗਾਲਜੀਕਾਇਆ ੲ) ਕਲੋਰੋਪਲਾਸਟ**(✓)** ਸ) ਇਹਨਾਂ ਵਿੱਚੋਂ ਕੋਈ ਨਹੀ

13. ਸੈੱਲ ਦੀ ਖੋਜ ਕਿਸ ਵਿਗਿਆਨੀ ਨੇ ਕੀਤੀ?

ੳ) ਅਲੈਗਜੈਂਡਰ ਫਲੈਮਿੰਗ ਅ) ਰਾਬਰਟ ਹੁੱਕ **(✓)** ੲ) ਰਾਬਰਟ ਕੋਚ ਸ) ਲੁਈਸ ਪਾਸਚਰ

14. ਬਹੁਸੈੱਲੀ ਜੀਵਾਂ ਦੀ ਦੋ ਉਦਾਹਰਣ ਦਿਉ?

ੳ) ਅਮੀਬਾ, ਪੈਰਾਮੀਸ਼ੀਅਮ ਅ) ਮਨੁੱਖ, ਲੂੰਬੜੀ**(✓)** ੲ) ਯੁਗਲੀਨਾ, ਬੈਕਟੀਰੀਆ ਸ) ਦੋਨੋਂ ੳ,ੲ

15. ਸੈੱਲ ਦੇ ਤਿੰਨ ਮੁੱਖ ਭਾਗ ਲਿਖੋ?

ੳ) ਕੇਂਦਰਕ, ਸੈੱਲ ਝਿੱਲੀ, ਸੈੱਲ ਪਦਾਰਥ (ਸਾਈਟੋਪਲਾਜ਼ਮ)

ਅ) ਕੇਂਦਰਕ , ਸੈੱਲ ਭਿੱਤੀ, ਸੈੱਲ ਪਦਾਰਥ (ਸਾਈਟੋਪਲਾਜ਼ਮ)

ੲ) ਮਾਈਟੋਕਾਂਡ੍ਰੀਆ , ਗਾਲਜੀ ਕਾਇਆ, ਰਾਈਬੋਸੋਮ

ਸ) ਉਪਰੋਕਤ ਸਾਰੇ**(✓)**

16. ਸੈੱਲ ਦੇ ਕਿਹੜੇ ਭਾਗ ਵਿੱਚ ਨਿਕੜੇ ਅੰਗ ਪਾਏ ਜਾਂਦੇ ਹਨ?

ੳ) ਕੇਂਦਰਕ ਅ) ਸੈੱਲ ਝਿੱਲੀ ੲ) ਸਾਈਟੋਪਲਾਜ਼ਮ **(✓)** ਸ) ਪ੍ਰੋਟੋਪਲਾਜ਼ਮ

17. ਯੂਕੇਰੀਓਟਸ ਅਤੇ ਪ੍ਰੋਕੇਰੀਓਟਸ ਵਿੱਚ ਮੁੱਖ ਅੰਤਰ ਦੱਸੋ?

ੳ) ਸਾਈਟੋਪਲਾਜ਼ਮ, ਯੂਕੇਰੀਓਟਸ ਵਿੱਚ ਹੁੰਦਾ ਹੈ ਪਰ ਪ੍ਰੋਕੇਰੀਓਟਸ ਵਿੱਚ ਨਹੀ।

ਅ) ਸਾਈਟੋਪਲਾਜ਼ਮ, ਪ੍ਰੋਕੇਰੀਓਟਸ ਵਿੱਚ ਹੁੰਦਾ ਹੈ ਪਰ ਯੂਕੇਰੀਓਟਸ ਵਿੱਚ ਨਹੀ।

ੲ) ਕੇਂਦਰਕ ਝਿੱਲੀ, ਯੂਕੇਰੀਓਟਸ ਵਿੱਚ ਹੁੰਦੀ ਹੈ ਪਰ ਪ੍ਰੋਕੇਰੀਓਟਸ ਵਿੱਚ ਨਹੀ।**(✓)**

GSSS MACHHIKE (MOGA)

ਸ) ਕੇਂਦਰਕ ਝਿੱਲੀ, ਪ੍ਰੋਕੇਰੀਓਟਸ ਵਿੱਚ ਹੁੰਦੀ ਹੈ ਪਰ ਯੂਕੇਰੀਓਟਸ ਵਿੱਚ ਨਹੀ।

18. ਸੈੱਲ ਵਿੱਚ ਗੁਣਸੂਤਰ ਕਿੱਥੇ ਪਾਏ ਜਾਂਦੇ ਹਨ?

ੳ) ਸਾਈਟੋਪਲਾਜ਼ਮ ਅ) ਕੇਂਦਰਕ **(✓)** ੲ) ਮਾਈਟੋਕਾਂਡ੍ਰੀਆ ਸ) ਗਾਲਜੀ ਕਾਇਆ

19. ਕਲੋਰੋਪਲਾਸਟ ਜਾਂ ਕਲੋਰੋਫਿਲ ਕਿਸ ਪ੍ਰਕਾਰ ਦੇ ਸੈੱਲਾਂ ਵਿੱਚ ਪਾਏ ਜਾਂਦੇ ਹਨ:

ੳ) ਜੰਤੂ ਸੈੱਲ ਅ) ਪੌਦਾ ਸੈੱਲ**(✓)** ੲ) ਦੋਨੋਂ ੳ ਅਤੇ ਅ ਵਿੱਚ ਸ) ਉਪਰੋਕਤ ਵਿੱਚੋਂ ਕੋਈ ਨਹੀ

20. ਇੱਕ ਸੈੱਲੀ ਜੀਵਾਂ ਦੀਆਂ ਦੋ ਉਦਾਹਰਣਾ ਦੱਸੋ?

ੳ) ਅਮੀਬਾ, ਪੈਰਾਮੀਸ਼ੀਅਮ ਅ) ਮਨੁੱਖ, ਲੂੰਬੜੀ ੲ) ਯੁਗਲੀਨਾ, ਬੈਕਟੀਰੀਆ ਸ) ਦੋਨੋਂ ੳ,ੲ **(✓)**

21. ਪਰੋਟੋਪਲਾਜ਼ਮ (ਜੀਵ ਦ੍ਰਵ) ਕਿਸ ਨੂੰ ਕਿਹਾ ਜਾਂਦਾ ਹੈ?

ੳ) ਕੇਂਦਰਕ ਅਤੇ ਸੈੱਲ ਪਦਾਰਥ (ਸਾਈਟੋਪਲਾਜ਼ਮ) **(✓)** ਅ) ਕੇਂਦਰਕ ਅਤੇ ਸੈੱਲ ਝਿੱਲੀ

ੲ) ਸੈੱਲ ਪਦਾਰਥ (ਸਾਈਟੋਪਲਾਜ਼ਮ) ਅਤੇ ਸੈੱਲ ਝਿੱਲੀ ਸ) ਉਪਰੋਕਤ ਵਿਚੋਂ ਕੋਈ ਨਹੀਂ

22. ਸੈੱਲ ਵਿੱਚ ਜੈੱਲੀ ਵਰਗਾ ਪਦਾਰਥ ਹੁੰਦਾ ਹੈ ਇਸਨੂੰ ਕੀ ਕਹਿੰਦੇ ਹਨ?

ੳ) ਪਰੋਟੋਪਲਾਜ਼ਮ ਅ) ਸਾਈਟੋਪਲਾਜ਼ਮ **(✓)** ੲ) ਕੇਂਦਰਕ ਸ) ਗੁਣਸੂਤਰ

23. ਪੱਤਿਆਂ ਦਾ ਹਰਾ ਰੰਗ ਕਿਸ ਵਰਣਕ ਕਾਰਣ ਹੁੰਦਾ ਹੈ?

ੳ) ਕਲੋਰੋਫਿਲ **(✓)** ਅ) ਮਾਈਟੋਕਾਂਡ੍ਰੀਆਂ ੲ) ਰਾਈਬੋਸੋਮ ਸ) ਕਲੋਰੋਪਲਾਸਟ

24. ਸੈੱਲ ਦੇ ਹੇਠਾਂ ਕੁਝ ਦਿੱਤੇ ਭਾਗਾਂ ਵਿੱਚੋਂ ਪੌਦਾ ਸੈੱਲ, ਜੰਤੂ ਸੈੱਲ, ਬੈਕਟੀਰੀਆ ਸੈੱਲ ਵਿੱਚ ਪਾਏ ਜਾਣ ਵਾਲੇ ਸਾਂਝੇ ਭਾਗ ਦਾ ਨਾਂ ਲਿਖੋ ?

ੳ) ਕਲੋਰੋਪਲਾਸਟ ਅ) ਸੈੱਲ ਝਿੱਲੀ**(✓)** ੲ) ਸੈੱਲ ਭਿੱਤੀ ਸ) ਕੇਂਦਰਕ

25. ਪੋਦਾਂ ਸੈੱਲ ਅਤੇ ਜੰਤੂ ਸੈੱਲ ਵਿੱਚ ਮੁੱਖ ਅੰਤਰ ਦੱਸੋ?

ੳ)ਸੈੱਲ ਭਿੱਤੀ , ਜੰਤੂ ਸੈੱਲ ਵਿੱਚ ਮੌਜੂਦ ਹੁੰਦੀ ਹੈ ਪਰ ਪੌਦਾ ਸੈੱਲ ਵਿੱਚ ਨਹੀਂ

ਅ) ਸੈੱਲ ਭਿੱਤੀ , ਪੌਦਾ ਸੈੱਲ ਵਿੱਚ ਮੌਜੂਦ ਹੁੰਦੀ ਹੈ ਪਰ ਜੰਤੂ ਸੈੱਲ ਵਿੱਚ ਨਹੀਂ**(✓)**

ਸ) ਸਾਈਟੋਪਲਾਜ਼ਮ, ਪੌਦਾ ਸੈੱਲ ਵਿੱਚ ਮੌਜੂਦ ਹੁੰਦਾ ਹੈ ਪਰ ਜੰਤੂ ਸੈੱਲ ਵਿੱਚ ਨਹੀਂ

ਹ) ਸਾਈਟੋਪਲਾਜ਼ਮ, ਜੰਤੂ ਸੈੱਲ ਵਿੱਚ ਮੌਜੂਦ ਹੁੰਦਾ ਹੈ ਪਰ ਪੌਦਾ ਸੈੱਲ ਵਿੱਚ ਨਹੀਂ

GSSS MACHHIKE (MOGA)

ਅਧਿਆਇ-9 ਜੰਤੂਆਂ ਵਿੱਚ ਪ੍ਰਜਣਨ

ਪ੍ਰਸ਼ਨ 1- ਸਜੀਵਾਂ ਲਈ ਪ੍ਰਜਣਨ ਕਿਉਂ ਮਹੱਤਵਪੂਰਨ ਹੈ?ਸਮਝਾਓ।

ਉੱਤਰ- ਪ੍ਰਜਣਨ ਕਿਰਿਆ ਪ੍ਰਜਾਤੀਆਂ ਦੀ ਲਗਾਤਾਰ ਹੋਂਦ ਬਣਾਈ ਰੱਖਣ ਲਈ ਜਰੂਰੀ ਹੈ।

ਪ੍ਰਸ਼ਨ 2- ਮਨੁੱਖ ਵਿੱਚ ਨਿਸ਼ੇਚਨ ਪ੍ਰਕਿਰਿਆ ਸਮਝਾਓ।

ਉੱਤਰ- ਮਨੁੱਖ ਵਿੱਚ ਨਿਸ਼ੇਚਨ ਕਿਰਿਆ ਮਾਦਾ ਦੇ ਸਰੀਰ ਦੇ ਅੰਦਰ ਹੁੰਦੀ ਹੈ (ਅੰਦਰੂਨੀ ਨਿਸ਼ੇਚਨ)। ਜਦੋਂ ਸ਼ੁਕਰਾਣੂ (ਨਰ ਯੁਗਮਕ), ਅੰਡਾਣੂ (ਮਾਦਾ ਯੁਗਮਕ) ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਇਹਨਾਂ ਵਿੱਚੋਂ ਇੱਕ ਸ਼ੁਕਰਾਣੂ ਅੰਡਾਣੂ ਨੂੰ ਨਿਸ਼ੇਚਤ ਕਰਦਾ ਹੈ। ਨਿਸ਼ੇਚਨ ਦੇ ਸਿੱਟੇ ਵਜੋਂ ਯੁਗਮਜ ਦਾ ਨਿਰਮਾਣ ਹੁੰਦਾ ਹੈ ਜੋ ਅੱਗੇ ਭਰੂਣ ਵਿੱਚ ਵਿਕਸਿਤ ਹੋ ਕੇ ਨਵੇਂ ਬੱਚੇ ਵਜੋਂ ਜਨਮ ਲੈਂਦਾ ਹੈ।

ਪ੍ਰਸ਼ਨ 3- ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ।

(ੳ) ਅੰਦਰੂਨੀ ਨਿਸ਼ੇਚਨ ਹੁੰਦਾ ਹੈ-

1) ਮਾਦਾ ਦੇ ਸਰੀਰ ਦੇ ਅੰਦਰ (✓) **2) ਮਾਦਾ ਦੇ ਸਰੀਰ ਤੋਂ ਬਾਹਰ**

3) ਨਰ ਦੇ ਸਰੀਰ ਅੰਦਰ **4) ਨਰ ਦੇ ਸਰੀਰ ਤੋਂ ਬਾਹਰ**

(ਅ) ਇੱਕ ਟੈਡਪੋਲ (ਡੱਡੂ ਦਾ ਲਾਰਵਾ) ਜਿਸ ਪ੍ਰਕਿਰਿਆ ਦੁਆਰਾ ਪ੍ਰੌੜ ਵਿੱਚ ਵਿਕਸਿਤ ਹੁੰਦਾ ਹੈ-

1) ਨਿਸ਼ੇਚਨ **2) ਕਾਇਆ ਪਰਿਵਰਤਨ(✓)**

3) ਠਹਿਰਨਾ **4) ਬਡਿੰਗ**

(ੲ) ਇੱਕ ਯੁਗਮਜ ਵਿੱਚ ਪਾਏ ਜਾਣ ਵਾਲੇ ਕੇਂਦਰਕਾਂ ਦੀ ਸੰਖਿਆ ਹੁੰਦੀ ਹੈ-

1) ਕੋਈ ਨਹੀਂ **2) ਇੱਕ(✓)** **3) ਦੋ** **4) ਚਾਰ**

ਪ੍ਰਸ਼ਨ 4- ਹੇਠ ਲਿਖੇ ਕਥਨ ਠੀਕ ਹਨ ਜਾਂ ਗਲਤ।

(ੳ) ਅੰਡੇ ਦੇਣ ਵਾਲੇ ਜੰਤੂ ਵਿਕਸਿਤ ਬੱਚੇ ਨੂੰ ਜਨਮ ਦਿੰਦੇ ਹਨ। **(ਗਲਤ)**

(ਅ) ਹਰੇਕ ਸ਼ੁਕਰਾਣੂ ਵਿੱਚ ਇਕੱਲਾ ਸੈੱਲ ਹੁੰਦਾ ਹੈ। **(ਠੀਕ)**

(ੲ) ਡੱਡੂ ਵਿੱਚ ਬਾਹਰੀ ਨਿਸ਼ੇਚਨ ਹੁੰਦਾ ਹੈ। **(ਠੀਕ)**

(ਸ) ਇੱਕ ਸੈੱਲ ਜੋ ਮਨੁੱਖ ਵਿੱਚ ਨਵੇਂ ਜੀਵਨ ਦਾ ਆਰੰਭ ਕਰਦਾ ਹੈ, ਯੁਗਮਜ ਕਹਾਉਂਦਾ ਹੈ। **(ਗਲਤ)**

(ਹ) ਨਿਸੇਚਨ ਤੋਂ ਬਾਅਦ ਦਿੱਤਾ ਗਿਆ ਅੰਡਾ ਇੱਕ ਇਕੱਲਾ ਸੈੱਲ ਹੈ। **(ਠੀਕ)**

(ਕ) ਅਮੀਬਾ ਬਡਿੰਗ ਦੁਆਰਾ ਪ੍ਰਜਣਨ ਕਰਦਾ ਹੈ। **(ਗਲਤ)**

(ਖ) ਅਲਿੰਗੀ ਪ੍ਰਜਣਨ ਵਿੱਚ ਵੀ ਨਿਸੇਚਨ ਜਰੂਰੀ ਹੈ। **(ਗਲਤ)**

GSSS MACHHIKE (MOGA)

(ਗ) ਦੋ ਖੰਡਨ ਅਲਿੰਗੀ ਪ੍ਰਜਣਨ ਦੀ ਇੱਕ ਵਿਧੀ ਹੈ। **(ਠੀਕ)**

(ਘ) ਨਿਸੇਚਨ ਕਿਰਿਆ ਦੇ ਸਿੱਟੇ ਵਜੋਂ ਯੁਗਮਜ ਬਣਦਾ ਹੈ। **(ਠੀਕ)**

(ਙ) ਭਰੂਣ ਕੇਵਲ ਇੱਕ ਸੈੱਲ ਦਾ ਬਣਿਆਂ ਹੁੰਦਾ ਹੈ। **(ਗਲਤ)**

ਪ੍ਰਸ਼ਨ 5- ਯੁਗਮਜ ਅਤੇ ਭਰੂਣ ਵਿੱਚ ਦੋ ਅੰਤਰ ਦੱਸੋ।

ਉੱਤਰ-

ਯੁਗਮਜ	ਭਰੂਣ
1.ਇਹ ਇੱਕ ਸੈੱਲੀ ਰਚਨਾ ਹੈ।	1. ਇਹ ਬਹੁ-ਸੈੱਲੀ ਰਚਨਾ ਹੈ।
2.ਨਰ ਅਤੇ ਮਾਦਾ ਯੁਗਮਕਾਂ ਦੇ ਸੁਮੇਲ ਤੋਂ ਯੁਗਮਜ ਬਣਦਾ ਹੈ।	2.ਯੁਗਮਜ ਦੇ ਵਿਭਾਜਨਾਂ ਤੋਂ ਬਾਅਦ ਭਰੂਣ ਬਣਦਾ ਹੈ।

ਪ੍ਰਸ਼ਨ 6- ਅਲਿੰਗੀ ਪ੍ਰਜਣਨ ਦੀ ਪਰਿਭਾਸ਼ਾ ਲਿਖੋ। ਜੰਤੂਆਂ ਵਿੱਚ ਅਲਿੰਗੀ ਪ੍ਰਜਣਨ ਦੀਆਂ ਦੋ ਵਿਧੀਆਂ ਦਾ ਵਰਣਨ ਕਰੋ।

ਉੱਤਰ- **ਅਲਿੰਗੀ ਪ੍ਰਜਣਨ-** ਪ੍ਰਜਣਨ ਦੀ ਉਹ ਕਿਸਮ ਜਿਸ ਵਿੱਚ ਕੇਵਲ ਇੱਕ ਹੀ ਜਣਕ ਨਵੇਂ ਜੀਵ ਨੂੰ ਜਨਮ ਦਿੰਦਾ ਹੈ, ਨੂੰ ਅਲਿੰਗੀ ਪ੍ਰਜਣਨ ਕਹਿੰਦੇ ਹਨ ।

ਜੰਤੂਆਂ ਵਿੱਚ ਅਲਿੰਗੀ ਪ੍ਰਜਣਨ ਦੀਆਂ ਦੋ ਵਿਧੀਆਂ-

(1) ਬਡਿੰਗ- ਹਾਈਡ੍ਰਾ ਵਿੱਚ ਇਕੱਲੇ ਜਨਕ ਤੋਂ ਨਿਕਲਣ ਵਾਲੀਆਂ ਕਲੀਆਂ ਤੋਂ ਨਵੇਂ ਜੀਵ ਦਾ ਵਿਕਾਸ ਹੁੰਦਾ ਹੈ। ਇਸ ਵਿਧੀ ਨੂੰ ਬਡਿੰਗ ਕਹਿੰਦੇ ਹਨ।



ਚਿੱਤਰ 9.11 : ਹਾਈਡ੍ਰਾ ਵਿੱਚ ਬਡਿੰਗ (ਕਲੀਆਂ)

(2) **ਦੋ-ਖੰਡਨ-** ਅਮੀਬਾਂ ਆਪਣੇ ਆਪ ਨੂੰ ਦੋ ਭਾਗਾਂ ਵਿੱਚ ਵੰਡ ਕੇ ਸੰਤਾਨ ਪੈਦਾ ਕਰਦਾ ਹੈ। ਇਸ ਪ੍ਰਕਾਰ ਦੇ ਅਲਿੰਗੀ ਪ੍ਰਜਣਨ ਨੂੰ ਦੋ-ਖੰਡਨ ਵਿਧੀ ਕਹਿੰਦੇ ਹਨ।

Fig: Binary fission in Amoeba

ਪ੍ਰਸ਼ਨ 7- ਮਾਦਾ ਦੇ ਕਿਸ ਜਣਨ ਅੰਗ ਵਿੱਚ ਭਰੂਣ ਠਹਿਰਦਾ ਹੈ?

ਉੱਤਰ- ਗਰਭਕੋਸ਼ (ਬੱਚੇਦਾਨੀ) ਦੀਆਂ ਕੰਧਾਂ ਵਿੱਚ।

ਪ੍ਰਸ਼ਨ 8- ਕਾਇਆ ਪਰਿਵਰਤਨ ਕਿਸਨੂੰ ਆਖਦੇ ਹਨ? ਉਦਾਹਰਣ ਦਿਓ।

ਉੱਤਰ- ਲਾਰਵੇ ਦਾ ਕੁੱਝ ਮੁੱਖ ਪਰਿਵਰਤਨਾਂ ਤੋਂ ਬਾਅਦ ਪ੍ਰੋੜ ਜੰਤੂ ਵਿੱਚ ਬਦਲਣ ਦੀ ਪ੍ਰਕਿਰਿਆ ਕਾਇਆ ਪਰਿਵਰਤਨ ਅਖਵਾਉਂਦੀ ਹੈ।ਉਦਾਹਰਣ ਵਜੋਂ ਡੱਡੂ ਦੇ ਜੀਵਨ ਚੱਕਰ ਵਿੱਚ ਅੰਡੇ ਤੋਂ ਟੈਡਪੋਲ (ਲਾਰਵਾ) ਅਤੇ ਲਾਰਵੇ ਤੋਂ ਪ੍ਰੋੜ (ਡੱਡੂ) ਬਣਦਾ ਹੈ।



ਚਿੱਤਰ 9.10 : ਡੱਡੂ ਦਾ ਜੀਵਨ ਚੱਕਰ

ਪ੍ਰਸ਼ਨ 9- ਅੰਦਰੂਨੀ ਨਿਸ਼ੇਚਨ ਅਤੇ ਬਾਹਰੀ ਨਿਸ਼ੇਚਨ ਵਿੱਚ ਅੰਤਰ ਦੱਸੋ।

ਉੱਤਰ-

ਅੰਦਰੂਨੀ ਨਿਸ਼ੇਚਨ	**ਬਾਹਰੀ ਨਿਸ਼ੇਚਨ**
1.ਨਿਸ਼ੇਚਨ ਦੀ ਇਹ ਕਿਰਿਆ ਮਾਦਾ ਦੇ ਸਰੀਰ ਦੇ ਅੰਦਰ ਹੁੰਦੀ ਹੈ।	1.ਨਿਸ਼ੇਚਨ ਦੀ ਇਹ ਕਿਰਿਆ ਮਾਦਾ ਦੇ ਸਰੀਰ ਦੇ ਬਾਹਰ ਹੁੰਦੀ ਹੈ।
2.ਇਸ ਵਿੱਚ ਅੰਡੇ ਘੱਟ ਗਿਣਤੀ ਵਿੱਚ ਪੈਦਾ ਹੁੰਦੇ ਹਨ।	2.ਇਸ ਵਿੱਚ ਅੰਡੇ ਵੱਧ ਗਿਣਤੀ ਵਿੱਚ ਪੈਦਾ ਹੁੰਦੇ ਹਨ।
3. ਉਦਾਹਰਣ ਵਜੋਂ ਮਨੁੱਖ,ਗਾਂ ਆਦਿ ਵਿੱਚ ਅੰਦਰੂਨੀ ਨਿਸ਼ੇਚਨ ਹੁੰਦਾ ਹੈ।	3. ਉਦਾਹਰਣ ਵਜੋਂ ਮੱਛੀ, ਡੱਡੂ ਆਦਿ ਵਿੱਚ ਬਾਹਰੀ ਨਿਸ਼ੇਚਨ ਹੁੰਦਾ ਹੈ।

ਪ੍ਰਸ਼ਨ 11- ਪਹੇਲੀ।

ਉੱਤਰ- ਖੱਬੇ ਤੋਂ ਸੱਜੇ ਪਾਸੇ ਵੱਲ

1. **ਜਿੱਥੇ ਅੰਡਾਣੂ ਉਤਪੰਨ ਹੁੰਦੇ ਹਨ-** ਅੰਡਕੋਸ਼
2. **ਪਤਾਲੂ ਵਿੱਚ ਉਤਪੰਨ ਹੁੰਦੇ ਹਨ-** ਸ਼ੁਕਰਾਣੂ

3. ਹਾਈਡ੍ਰਾ ਦਾ ਅਲਿੰਗੀ ਪ੍ਰਜਣਨ ਹੁੰਦਾ ਹੈ- ਬਡਿੰਗ

ਉੱਪਰ ਤੋਂ ਹੇਠਾਂ ਵੱਲ

1. ਇੱਕ ਮਾਦਾ ਯੁਗਮਕ – ਅੰਡਾਣੂ

2. ਨਰ ਅਤੇ ਮਾਦਾ ਯੁਗਮਕ ਦਾ ਸੰਯੋਜਨ- ਨਿਸ਼ੇਚਨ

3. ਇੱਕ ਬੱਚੇ ਪੈਦਾ ਕਰਨ ਵਾਲਾ ਜੰਤੂ- ਗਊ।



ਇੱਕ ਨੰਬਰ ਵਾਲੇ ਬਹੁ-ਵਿਕਲਪੀ ਪ੍ਰਸ਼ਨ

1. ਸਿੱਧੇ ਹੀ ਬੱਚਿਆਂ ਨੂੰ ਜਨਮ ਦੇਣ ਵਾਲੇ ਜੰਤੂਆਂ ਨੂੰ ਕੀ ਕਹਿੰਦੇ ਹਨ।

(ੳ) ਅੰਡੇ ਦੇਣ ਵਾਲੇ ਜੰਤੂ (ਅ) ਬੱਚੇ ਦੇਣ ਵਾਲੇ ਜੰਤੂ **(✓)**

(ੲ) ਦੋਨੋ (ੳ) ਅਤੇ (ਅ) (ਸ) ਉਪਰੋਕਤ ਕੋਈ ਨਹੀ

2. ਟੈਡਪੋਲ (ਲਾਰਵਾ) ..... ਦੀ ਵਿਕਾਸਸ਼ੀਲ ਅਵਸਥਾ ਹੈ।

(ੳ) ਕੁੱਤਾ (ਅ) ਬਿੱਲੀ (ੲ) ਡੱਡੂ **(✓)** (ਸ) ਇਨਸਾਨ.

3. ਨਰ ਅਤੇ ਮਾਦਾ ਯੁਗਮਕਾਂ ਦਾ ਸੰਯੋਜਨ ਕਿਥੇ ਹੁੰਦਾ ਹੈ?

(ੳ) ਅੰਡ-ਨਿਕਾਸਵਹਿਣੀ **(✓)** (ਅ) ਅੰਡ-ਕੋਸ਼ (ੲ) ਬੱਚੇਦਾਨੀ (ਸ) ਯੁਗਮਜ

4. ਨਿਸ਼ੇਚਨ ਦੇ ਸਿੱਟੇ ਵਜੋਂ ਕਿਸ ਦਾ ਨਿਰਮਾਣ ਹੁੰਦਾ ਹੈ?

(ੳ) ਫਟਿਸ (ਅ) ਯੁਗਮਜ਼ **(✓)** (ੲ) ਭਰੂਣ (ਸ) ਕੋਈ ਨਹੀ

5. ਅੰਡਾਣੂ ਦਾ ਨਿਰਮਾਣ .... ਵਿਚ ਹੁੰਦਾ ਹੈ।

(ੳ) ਪਤਾਲੂ (ਅ) ਨਰ-ਇੰਦਰੀ (ੲ) ਅੰਡਕੋਸ਼(✓) (ਸ) ਇਹਨਾਂ ਵਿਚੋ ਕੋਈ ਨਹੀ।

6. ਜੰਤੂਆਂ ਵਿਚ ਪ੍ਰਜਣਨ ਦੀਆਂ ਕਿਨੀਆਂ ਵਿਧੀਆਂ ਹਨ?

(ੳ) ਇੱਕ (ਅ) ਦੋ (✓) (ੲ) ਤਿੰਨ (ਸ) ਚਾਰ

7. ਸ਼ੁਕਰਾਣੂ ਦੇ ………… ਭਾਗ ਹੁੰਦੇ ਹਨ।

(ੳ) ਇੱਕ (ਅ) ਦੋ (ੲ) ਤਿੰਨ (✓) (ਸ) ਚਾਰ

8. ਫੀਟਸ ਕੀ ਹੁੰਦਾ ਹੈ?

(ੳ) ਵਿਕਸਿਤ ਭਰੂਣ(✓) (ਅ) ਮਾਦਾ ਯੁਗਮਕ (ੲ) ਯੁਗਮਜ਼ (ਸ) ਨਰ ਯੁਗਮਕ

9. ਵਿਸ਼ੇਸ਼ ਪਰਿਵਰਤਨਾਂ ਤੋਂ ਬਾਅਦ ਲਾਰਵੇ ਤੋਂ ਪ੍ਰੋੜ ਵਿਚ ਰੂਪਾਂਤਰਿਤ ਹੋਣ ਨੂੰ ……… ਕਿਹਾ ਜਾਂਦਾ ਹੈ।

(ੳ) ਅਲਿੰਗੀ ਪ੍ਰਜਣਨ (ਅ) ਕਾਇਆ ਪਰਿਵਰਤਨ (✓) (ੲ) ਵਿਕਾਸ (ਸ) ਲਿੰਗੀ ਪ੍ਰਜਣਨ

10. ਕਲੋਨਿੰਗ ਇਕ ………… ਵਿਧੀ ਹੈ।

(ੳ) ਲਿੰਗੀ ਪ੍ਰਜਣਨ (ਅ) ਅਲਿੰਗੀ ਪ੍ਰਜਣਨ(✓) (ੲ) ਦੋਵੇ ੳ ਅਤੇ ਅ (ਸ) ਇਹਨਾਂ ਵਿੱਚੋਂ ਕੋਈ ਨਹੀ ।

11. ਹੇਠਾਂ ਕੁਝ ਪ੍ਰਜਣਨ ਸੰਬੰਧੀ ਸ਼ਬਦਾਂ ਦੇ ਸਮੂਹ ਦਿੱਤੇ ਹਨ। ਗਲਤ ਸਮੂਹ ਦੀ ਚੋਣ ਕਰੋ ।

(ੳ) ਸ਼ੁਕਰਾਣੂ, ਪਤਾਲੂ, ਸ਼ਕਰਾਣੂ ਨਾੜੀ, ਨਰ ਇੰਦਰੀ।

(ਅ) ਮਾਸਿਕ ਚੱਕਰ, ਅੰਡਾਣੂ, ਅੰਡ-ਨਿਕਾਸ ਵਹਿਣੀ, ਬੱਚੇ ਦਾਨੀ।

(ੲ) ਸ਼ਕਰਾਣੂ, ਅੰਡ-ਨਿਕਾਸ ਵਹਿਣੀ, ਅੰਡਾਣੂ, ਬੱਚੇ ਦਾਨੀ।(✓)

(ਸ) ਅੰਡੋਤਸਰਗ, ਅੰਡਾਣੂ, ਅੰਡ-ਨਿਕਾਸ ਵਹਿਣੀ, ਬੱਚੇ ਦਾਨੀ

12. ਇਨਸਾਨ ਵਿੱਚ ਨਿਸ਼ੇਚਿਤ ਅੰਡਾਣੂ ਦਾ ਵਿਕਾਸ …… ਵਿਚ ਹੁੰਦਾ ਹੈ।

(ੳ) ਅੰਡਕੋਸ਼ (ਅ) ਪਤਾਲੂ (ੲ) ਅੰਡ-ਨਿਕਾਸ ਵਹਿਣੀ (ਸ) ਬੱਚੇਦਾਨੀ(✓)

13. ਹੇਠਾਂ ਦਿੱਤੇ ਜੰਤੂਆਂ ਦੇ ਸਮੂਹ ਵਿੱਚ ਮੁਰਗੀ ਬਾਕੀਆਂ ਨਾਲੋਂ ਵੱਖ ਹੈ। ਮਨੁੱਖ, ਗਾਂ, ਕੁੱਤਾ, ਮੁਰਗੀ। ਕਿਉ?

(ੳ) ਅੰਦਰੂਨੀ ਨਿਸ਼ਚੇਨ ਕਾਰਣ (ਅ) ਇਹ ਅੰਡੇ ਦੇਣ ਵਾਲਾ ਜੀਵ ਹੈ(✓)

(ੲ) ਇਹ ਬੱਚੇ ਦੇਣ ਵਾਲਾ ਜੀਵ ਹੈ (ਸ) ਬਾਹਰੀ ਨਿਸ਼ੇਚਨ ਕਾਰਣ

14. ਬਾਹਰੀ ਨਿਸ਼ੇਚਨ ਵਾਲੇ ਜੰਤੂ ਬਹੁਤ ਸਾਰੇ ਯੁਗਮਕ ਪੈਦਾ ਕਰਦੇ ਹਨ। ਸਹੀ ਵਿਕਲਪ ਦੀ ਚੋਣ ਕਰੋ:-

(ੳ) ਛੋਟੇ ਆਕਾਰ ਦੇ ਜੰਤੂ ਹੋਣ ਕਾਰਣ ਇੱਕ ਸਮੇ ਵਿੱਚ ਬਹੁਤ ਸਾਰੇ ਜੀਵ ਪੈਦਾ ਕਰਨਾ ਚਾਹੁੰਦੇ ਹਨ ।

(ਅ) ਪਾਣੀ ਵਿੱਚ ਭੋਜਨ ਦੀ ਉਪਲਬਧਤਾ ਜਿਆਦਾ ਹੁੰਦੀ ਹੈ ।

(ੲ) ਨਿਸ਼ੇਚਨ ਲਈ ਢੁਕਵੇਂ ਮੌਕੇ ਮਿਲ ਸਕਣ।(✓) (ਸ) ਪਾਣੀ ਯੁਗਮਕ ਪੈਦਾਵਾਰ ਲਈ ਸਹਾਇਕ ਹੈ ।

15. ਬਡਿੰਗ ਰਾਹੀ ਪ੍ਰਜਨਣ ……… ਵਿਚ ਹੁੰਦਾ ਹੈ।

(ੳ) ਹਾਇਡ੍ਰਾ (✓) (ਅ) ਅਮੀਬਾ (ੲ) ਪੈਰਾਮੀਸ਼ੀਅਮ (ਸ) ਬੈਕਟੀਰੀਆ

16. ਮਨੁੱਖ ਵਿੱਚ ਪ੍ਰਜਣਨ ਸੰਬੰਧੀ ਕਿਹੜਾ ਕਥਨ ਸਹੀ ਹੈ?

GSSS MACHHIKE (MOGA)

(ੳ) ਨਿਸ਼ੇਚਨ ਸਰੀਰ ਤੋ ਬਾਹਰ ਹੁੰਦਾ ਹੈ (ਅ) ਨਿਸ਼ੇਚਨ ਪਤਾਲੂ ਵਿੱਚ ਹੁੰਦਾ ਹੈ ।

(ੲ) ਨਿਸ਼ੇਚਨ ਸਮੇ ਅੰਡਾਣੂ, ਸ਼ਕਰਾਣੂ ਵੱਲ ਜਾਂਦੇ ਹਨ (ਸ) ਨਿਸ਼ੇਚਨ ਮਾਦਾ ਦੇ ਸਰੀਰ ਦੇ ਅੰਦਰ ਹੁੰਦਾ ਹੈ ।**(✓)**

17. ਮਨੁੱਖਾਂ ਵਿੱਚ ਨਿਸ਼ੇਚਨ ਤੋਂ ਬਾਅਦ ਬੱਚੇਦਾਨੀ ਦੀ ਦੀਵਾਰ ਉਪਰ ਠਹਿਰਣ ਵਾਲੀ ਰਚਨਾ ਨੂੰ ...... ਆਖਦੇ ਹਨ।

(ੳ) ਅੰਡਾਣੂ (ਅ) ਭਰੂਣ**(✓)** (ੲ) ਫੀਟਸ (ਸ) ਯੁਗਮਜ਼

18. ਸਭ ਤੋਂ ਪਹਿਲਾਂ ਸਫਲਤਾਪੂਰਵਕ ਕਲੋਨ ਕੀਤੇ ਜੰਤੂ ਦਾ ਨਾਂ ਦੱਸੋ।

(ੳ) ਡੋਲੀ ਸ਼ੀਪ**(✓)** (ਅ) ਡੋਬੀ ਸ਼ੀਪ (ੲ) ਗੋਗੀ ਸ਼ੀਪ (ਸ) ਬੋਬੀ ਸ਼ੀਪ

19. IVF ਦਾ ਪੂਰਾ ਨਾਂ ਕੀ ਹੈ?

(ੳ) ਇਨ-ਵਿਟਰੋ ਨਿਸ਼ੇਚਨ **(✓)** (ਅ) ਇਨਟਰਨੈਸ਼ਨਲ ਵੈਕਸਿਨ ਫੋਰਮ

(ੲ) ਇਨ-ਵਿਟਰੋ ਫਾਰਮੇਸ਼ਨ (ਸ) ਇਨ-ਵਿਟਾਮਿਨ ਨਿਸ਼ੇਚਨ

20. ਮਨੁੱਖਾਂ ਵਿੱਚ ਪ੍ਰਜਣਨ ਸੰਬੰਧੀ ਘਟਨਾਵਾਂ ਦਾ ਸਹੀ ਕ੍ਰਮ ਕੀ ਹੈ?

(ੳ) ਯੁਗਮਕ ਬਣਨਾ, ਨਿਸ਼ੇਚਨ, ਯੁਗਮਜ ਬਣਨਾ, ਭਰੂਣ ਬਣਨਾ **(✓)**

(ਅ) ਭਰੂਣ ਬਣਨਾ, ਯੁਗਮਜ ਬਣਨਾ, ਨਿਸ਼ੇਚਨ, ਯੁਗਮਕ ਬਣਨਾ

(ੲ) ਨਿਸ਼ੇਚਨ, ਯੁਗਮਕ ਬਣਨਾ, ਭਰੂਣ ਬਣਨਾ, ਯੁਗਮਜ ਬਣਨਾ

(ਸ) ਯੁਗਮਕ ਬਣਨਾ, ਨਿਸ਼ੇਚਨ ,ਭਰੂਣ ਬਣਨਾ,ਯੁਗਮਜ ਬਣਨਾ

21. ਅਮੀਬਾ ਵਿੱਚ ਦੋਹਰੇ ਖੰਡਨ ਰਾਹੀ ਕਿੰਨੇ ਸੰਤਾਨ ਸੈਲ ਪੈਦਾ ਹੁੰਦੇ ਹਨ?

(ੳ) ਇੱਕ (ਅ) ਦੋ **(✓)** (ੲ) ਤਿੰਨ (ਸ) ਚਾਰ

22. ਹੇਠ ਲਿਖਿਆਂ ਵਿੱਚੋਂ ਕਿਹੜਾ ਜੀਵ ਬੱਚੇ ਨੂੰ ਜਨਮ ਦਿੰਦਾ ਹੈ?

(ੳ) ਸਾਲਮਨ ਮੱਛੀ (ਅ) ਕੋਬਰਾ ਸੱਪ (ੲ) ਸਲਮੈਂਡਰ (ਸ) ਡਾਲਫਿਨ **(✓)**

23. ਹੇਠ ਲਿਖਿਆਂ ਵਿੱਚੋ ਕਿਸ ਵਿੱਚ ਬਡਿੰਗ ਹੁੰਦੀ ਹੈ?

(ੳ) ਯੀਸਟ **(✓)** (ਅ) ਅਮੀਬਾ (ੲ) ਪੈਰਾਮੀਸ਼ੀਅਮ (ਸ) ਪਲਾਜ਼ਮੋਡੀਅਮ

24. ਅੰਡਕੋਸ਼ ਤੋਂ ਅੰਡਾਣੂ ਦੇ ਮੁਕਤ ਹੋਣ ਦੀ ਵਿਧੀ ਨੂੰ .... ਕਹਿੰਦੇ ਹਨ।

(ੳ) ਪ੍ਰਜਣਨ (ਅ) ਮਾਸਿਕ ਚੱਕਰ (ੲ)ਅੰਡਉਤਸਰਜਨ **(✓)** (ਸ) ਰਜੋਨਿਵ੍ਰਿਤੀ

25. ਹੇਠ ਲਿਖਿਆਂ ਵਿੱਚੋ ਕਿਹੜਾ ਮਨੁੱਖੀ ਮਾਦਾ ਪ੍ਰਜਨਣ ਪ੍ਰਣਾਲੀ ਦਾ ਹਿੱਸਾ ਨਹੀ ਹੈ?

(ੳ) ਅੰਡਕੋਸ਼ (ਅ) ਅੰਡ-ਨਿਕਾਸ ਵਹਿਣੀ (ੲ) ਬੱਚੇਦਾਨੀ (ਸ) ਪਤਾਲੂ **(✓)**

GSSS MACHHIKE (MOGA)